1-DEC-PAGE-1.qxd add front page.qxd 11/30/2022 9:10 PM Page 1

ਵੀਰਵਾਰ, 1 ਦਸੰਬਰ, 2022
16 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 181

ਨਵਾਂ ਜ਼ਮਾਨਾ

DAILY NAWAN ZAMANA • THURSDAY, 1 DECEMBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

GOVT. OF PUNJAB
INVEST PUNJAB INDIA BUSINESS FIRST

ਪੰਜਾਬ ਸਰਕਾਰ ਦਾ
ਭ੍ਰਿਸ਼ਟਾਚਾਰ
'ਤੇ ਵਾਰ

8 ਮਹੀਨਿਆਂ 'ਚ
250
ਤੋਂ ਵੱਧ ਗ੍ਰਿਫ਼ਤਾਰੀਆਂ

ਇਕੱਠੇ ਮਿਲ ਕੇ ਸਿਰਜਾਂਗੇ
ਭ੍ਰਿਸ਼ਟਾਚਾਰ ਮੁਕਤ ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਭਗਵੰਤ ਮਾਨ (ਮੁੱਖ ਮੰਤਰੀ ਪੰਜਾਬ)

1-DEC-PAGE-10.qxd 11/30/2022 9:24 PM Page 1

ਕਿਸਾਨ-ਮਜ਼ਦੂਰ ਜਥੇਬੰਦੀ ਨੇ ਫੂਕਿਆ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ

ਕੇਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਦੇ ਹੋਏ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਵਰਕਰ ਤੇ ਆਗੂ।

ਮੋਗਾ (ਅਮਰਜੀਤ ਬੱਬਰੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਦਿੱਲੀ ਮੋਰਚੇ ਦੀ ਦੂਜੀ ਵਰ੍ਹੇਗੰਢ 'ਤੇ ਡੀ ਸੀ ਦਫਤਰਾਂ ਅੱਗੇ ਸ਼ੁਰੂ ਕੀਤੇ ਗਏ ਪੰਜਾਬ ਪੱਧਰੀ ਮੋਰਚੇ ਚੌਥੇ ਦਿਨ ਵੀ ਜਾਰੀ ਰਹੇ। ਡੀ ਸੀ ਦਫਤਰ ਮੋਗਾ ਵਿਚ ਲੱਗੇ ਮੋਰਚੇ 'ਚ ਮੰਗਲਵਾਰ ਨੂੰ ਕਿਸਾਨਾਂ ਮਜ਼ਦੂਰਾਂ ਵੱਲੋਂ ਹਾਈ ਵੇ ਰੋਡ ਜਾਮ ਕਰ ਕੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਪੁਤਲੇ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕਰ ਕੇ ਪ੍ਰਦਰਸ਼ਨ ਕੀਤਾ ਗਿਆ। ਮੋਰਚੇ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਬਹਾਨੇਬਾਜ਼ੀਆਂ ਤੇ ਝੂਠ ਬੋਲਣ ਵਿਚ ਮੋਦੀ ਸਰਕਾਰ ਨੂੰ ਵੀ ਮਾਤ ਪਾ ਰਹੀ ਹੈ। ਸਰਕਾਰ ਨੂੰ ਸੁਪਰੀਮ ਕੋਰਟ ਦੇ ਸਿਰਫ ਉਹ ਫੈਸਲੇ ਦਿਖਾਈ ਦਿੰਦੇ ਹਨ ਜਿਨ੍ਹਾਂ ਨੂੰ ਵੱਖਰੇ ਤਰੀਕੇ ਨਾਲ ਅਧਾਰ ਬਣਾ ਕੇ ਲੋਕ ਹਿੱਤਾਂ ਦਾ ਘਾਣ ਕੀਤਾ ਜਾ ਸਕੇ, ਪਰ ਜਥੇਬੰਦੀ ਲੋਕ ਹਿੱਤਾਂ ਦੇ ਪੱਖ ਵਿੱਚ ਸਰਕਾਰ ਦੇ ਇਸ ਫੈਸਲੇ ਦੇ ਵਿਰੁੱਧ ਖੜ੍ਹੀ ਰਹੇਗੀ। ਉਨ੍ਹਾਂ ਕਿਹਾ ਕਿ ਨਸ਼ੇ, ਬੇਰੁਜ਼ਗਾਰੀ, ਖੇਤੀ ਸੈਕਟਰ ਨੂੰ ਠੀਕ ਟ੍ਰੈਕ 'ਤੇ ਲਿਆਉਣ ਲਈ ਸਰਕਾਰ ਕੋਲ ਕੋਈ ਰੋਡ ਮੈਪ ਨਹੀਂ ਹੈ ਪਰ ਇਸ ਦੇ ਬਾਵਜੂਦ ਸਰਕਾਰ ਸਮਾਂ ਮੰਗ ਰਹੀ ਹੈ ਜੋ ਕਿ ਗੈਰਤੰਤਰਕ ਗੱਲ ਹੈ। ਇਸ ਮੌਕੇ ਸੂਬਾ ਆਗੂ ਰਾਣਾ ਰਣਬੀਰ ਸਿੰਘ ਠੱਠਾ, ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸ਼ਾਹ ਵਾਲਾ ਤੇ ਜ਼ਿਲ੍ਹਾ ਪ੍ਰੈਸ ਸਕੱਤਰ ਅਵਤਾਰ ਸਿੰਘ ਜੋਸ਼ਨ ਨੇ ਮੋਰਚੇ ਦੇ ਅਹਿਮ ਮੁੱਦੇ ਜਿਵੇਂ ਸੰਸਾਰ ਬੈਂਕ ਦੁਆਰਾ ਲਾਏ ਜਾਣ ਵਾਲੇ ਸਾਰੇ ਪ੍ਰੋਜੈਕਟ ਰੱਦ ਕਰਨ, ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਖੇਤੀ ਵਿਭਿੰਨਤਾ, ਜੁਮਲਾ ਮੁਸ਼ਤਰਕਾ ਜ਼ਮੀਨਾਂ ਨੂੰ ਪੰਚਾਇਤੀ ਜ਼ਮੀਨਾਂ ਐਲਾਨਣ ਵਾਲਾ ਕਾਨੂੰਨ ਵਾਪਸ ਕਰਵਾਉਣ, ਸਾਰੀਆਂ ਫਸਲਾਂ ਤੇ ਐੱਮ ਐੱਸ ਪੀ ਗਰੰਟੀ ਕਾਨੂੰਨ ਬਣਾਉਣ, ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਲੈਣ, ਕਿਸਾਨਾਂ ਤੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕਰਨ, ਮਾਈਕਰੋ-ਫਾਇਨਾਂਸ ਕੰਪਨੀਆਂ ਵੱਲੋਂ ਗਰੀਬ ਦੀ ਹੁੰਦੀ ਲੁੱਟ ਰੋਕਣ ਬਾਰੇ ਦੱਸਿਆ।

ਆਗੂਆਂ ਨੇ ਦੱਸਿਆ ਕਿ ਅੱਜ ਪੱਕਾ ਮੋਰਚਾ ਚੌਥੇ ਦਿਨ ਵਿਚ ਸ਼ਾਮਲ ਹੋ ਚੁੱਕਾ ਹੈ, ਪਰ ਸਰਕਾਰ ਦਾ ਰਵੱਈਆ ਅਤਿ ਨਿਰਾਸ਼ਾਜਨਕ ਹੈ ਤੇ ਸਰਕਾਰ ਨੂੰ ਇਹ ਮਨ 'ਚੋਂ ਭੁਲੇਖਾ ਕੱਢ ਦੇਣਾ ਚਾਹੀਦਾ ਹੈ ਕਿ ਕਿਸਾਨ ਖਾਲੀ ਹੱਥ ਵਾਪਸ ਚਲੇ ਜਾਣਗੇ। ਲੋਕ ਦਿੱਲੀ ਮੋਰਚੇ ਦੀ ਤਰਜ਼ 'ਤੇ ਧਰਨੇ ਵਿੱਚ ਟਰਾਲੀਆਂ ਤਿਆਰ ਕਰ ਕੇ ਦੁੱਧ ਪ੍ਰਸ਼ਾਦੇ ਤੇ ਦਾਲ ਸਬਜ਼ੀ ਤੇ ਜ਼ਰੂਰਤ ਦੇ ਸਭ ਸਾਧਨਾਂ ਦਾ ਪ੍ਰਬੰਧ ਖੁਦ ਕਰਕੇ ਆ ਰਹੇ ਹਨ। ਇਸ ਮੌਕੇ ਜ਼ਿਲ੍ਹਾ ਸਕੱਤਰ ਕੁਲਵੰਤ ਸਿੰਘ ਫੌਜੀ, ਸੀਨੀਅਰ ਮੀਤ ਪ੍ਰਧਾਨ ਸੁਖਮੰਦਰ ਸਿੰਘ ਕਿਸ਼ਨਪੁਰਾ, ਗੁਰਮੇਲ ਸਿੰਘ ਤਲਵੰਡੀ ਮੱਲੀਆਂ, ਦਰਸ਼ਨ ਸਿੰਘ ਮੋਗਾ, ਪ੍ਰਗੀਤਮ ਸਿੰਘ ਮੰਦਰ, ਸੁਖਜੀਤ ਸਿੰਘ ਅੱਲ੍ਹਾ ਬਾਦ, ਗੁਰਮੇਜ ਸਿੰਘ ਵਿਰਕ ਆਦਿ ਵੱਡੀ ਗਿਣਤੀ ਵਿਚ ਕਿਸਾਨ ਮਜ਼ਦੂਰ ਹਾਜ਼ਰ ਸਨ।

ਉਭਰਦਾ ਬਾਸਕਟਬਾਲ ਖਿਡਾਰੀ ਕੋਹਿਨੂਰ ਸਨਮਾਨਤ

ਸਮਾਣਾ (ਇਕਬਾਲ ਸਿੰਘ ਬੱਲ)-ਬੀਤੇ ਦਿਨੀ ਸਮਾਣਾ ਦੇ ਉਭਰਦੇ ਨੌਜਵਾਨ ਕੋਹਿਨੂਰ ਨੇ ਅੰਡਰ 19 ਸਾਲ ਨੇ ਕਪੂਰਥਲਾ ਵਿਖੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਜ਼ ਲੜਕੇ ਖੇਡ ਮੇਲੇ ਵਿੱਚ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਲਟੀਪਰਪਜ਼ (ਵਿੰਗ) ਪਟਿਆਲਾ ਵੱਲੋਂ ਬਾਸਕਟਬਾਲ ਖੇਡ ਵਿੱਚ ਭਾਗ ਲਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ ਅਤੇ ਆਪਣੇ ਸਕੂਲ ਨੂੰ ਸ਼ੈਕਿਡ ਪੁਜ਼ੀਸ਼ਨ ਦਿਵਾ ਕੇ ਟਰਾਫੀ ਜਿੱਤਣ ਦਾ ਮਾਣ ਹਾਸਲ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਹਨਾਂ ਖੇਡਾਂ ਵਿੱਚ 30 ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲੇ ਵਿੱਚ ਸ ਸ ਮਲਟੀਪਰਪਜ਼ ਸਕੂਲ ਨੇ ਲੁਧਿਆਣਾ ਦੇ ਸਕੂਲ ਨੂੰ ਕੋਹਿਨੂਰ ਦੀ ਬਦੌਲਤ ਹਰਾ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕੋਹਿਨੂਰ ਨੇ ਦੱਸਿਆ ਕਿ ਉਹਨਾਂ ਇਹਨਾਂ ਖੇਡਾਂ ਵਿੱਚ ਦੂਸਰਾ ਸਥਾਨ ਕੋਚ ਅਮਰਜੋਤ ਸਿੰਘ ਵੱਲੋਂ ਕਰਵਾਈ ਸਖਤ ਮਿਹਨਤ ਸਦਕਾ ਪ੍ਰਾਪਤ ਕੀਤਾ ਹੈ। ਕੋਹਿਨੂਰ ਨੇ ਇਹਨਾਂ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਕੋਹਿਨੂਰ ਨੂੰ ਵਧੀਆ ਪ੍ਰਦਰਸ਼ਨ ਕਰਕੇ ਸੰਤ ਨਿਰੰਕਾਰੀ ਮੰਡਲ ਬ੍ਰਾਂਚ ਸਮਾਣਾ ਨੇ ਸਨਮਾਨਤ ਵੀ ਕੀਤਾ।

ਆਮ ਆਦਮੀ ਕਲੀਨਿਕਾਂ ਨੂੰ ਲੈ ਕੇ ਕਾਂਗਰਸੀਆਂ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ

ਭਾਈ ਬਹਿਲੋ ਤੇ ਡਾ. ਅੰਬੇਡਕਰ ਡਿਸਪੈਂਸਰੀਆ ਦਾ ਨਾਂਅ ਬਦਲਣ 'ਤੇ ਜਤਾਇਆ ਇਤਰਾਜ਼

ਮਾਨਸਾ (ਗੀਤਵਾਲ)-ਪੰਜਾਬ ਪ੍ਰਦੇਸ਼ ਕਾਂਗਰਸ ਦੇ ਡੈਲੀਗੇਟ ਤੇ ਸੰਸਥਾ ਸਹਿਯੋਗ ਦੇ ਚੇਅਰਮੈਨ ਐਡਵੋਕੇਟ ਗੁਰਪ੍ਰੀਤ ਸਿੰਘ ਵਿੱਕੀ ਨੇ ਅੱਜ ਡੀ ਸੀ ਮੈਡਮ ਬਲਜੀਤ ਕੌਰ ਨੂੰ ਇਕ ਮੰਗ ਪੱਤਰ ਦਿੱਤਾ, ਜਿਸ ਵਿੱਚ ਉਹਨਾਂ ਨੇ ਪੰਜਾਬ ਅੰਦਰ ਬਣਾਏ ਜਾ ਰਹੇ 521 ਆਮ ਆਦਮੀ ਕਲੀਨਿਕਾਂ 'ਤੇ ਆਪਣਾ ਇਤਰਾਜ਼ ਪ੍ਰਗਟ ਕਰਦੇ ਕਿਹਾ ਕਿ ਇੱਕ ਤਾਂ ਇਹ ਪਹਿਲਾਂ ਚਲਦੀਆਂ ਡਿਸਪੈਂਸਰੀਆਂ ਦਾ ਨਾਂਅ ਬਦਲਕੇ ਆਮ ਆਦਕਮੀ ਕਲੀਨਿਕ ਬਣਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਮਾਨਸਾ ਪਹਿਲਾ ਤੇ ਇਹ ਮੁਢਲੇ ਸਿਹਤ ਕੇਂਦਰ ਜਿਨ੍ਹਾਂ ਵਿੱਚੋਂ ਪਿੰਡ ਫਫੜੇ ਭਾਈਕੇ ਵਿੱਚ ਭਾਈ ਬਹਿਲੋ , ਮਾਨਸਾ ਸ਼ਹਿਰ ਅੰਦਰ ਡਾ. ਭੀਮ ਰਾਓ ਅੰਬੇਡਕਰ ਤੇ ਬੋਹਾ ਵਿੱਚ ਸਮਾਜ ਸੇਵੀ ਮਦਨ ਲਾਲ ਦੇ ਨਾਂਅ 'ਤੇ ਚੱਲ ਰਹੇ ਹਨ ਪਰ ਹੁਣ ਸਰਕਾਰ ਆਪਣੀ ਮਸ਼ਹੂਰੀ ਤੇ ਫੋਕੀ ਸ਼ੋਹਰਤ ਲਈ ਇਹਨਾਂ ਉਘੇ ਤੇ ਸਿੱਖ ਸ਼ਖਸ਼ੀਅਤਾ ਦਾ ਨਾਂਅ ਬਦਲ ਕੇ ਆਮ ਆਦਮੀ ਕਲੀਨਿਕ ਰੱਖ ਰਹੀ ਹੈ। ਵਿੱਕੀ ਨੇ ਆਮ ਆਦਮੀ ਪਾਰਟੀ ਨੂੰ ਭਾਜਪਾ ਦੀ ਬੀ ਟੀਮ ਦੱਸਦੇ ਕਿਹਾ ਕਿ ਜਿਸ ਤਰ੍ਹਾਂ ਮੋਦੀ ਨੇ ਦਿੱਲੀ ਦੇ ਕੁਝ ਰਸਤਿਆਂ ਦੇ ਨਾਂਟ ਬਦਲ ਦਿੱਤੇ ਸਨ ਉਸੇ ਤਰ੍ਹਾਂ ਅੱਜ ਪੰਜਾਬ ਦੀ ਮਾਨ ਸਰਕਾਰ ਇਹਨਾਂ ਮਹਾਨ ਲੋਕਾਂ ਦੇ ਨਾਂਅ ਬਦਲਕੇ ਘਟੀਆ ਰਾਜਨੀਤੀ ਕਰ ਰਹੀ ਹੈ। ਉਹਨਾ ਸਿਹਤ ਮੰਤਰੀ ਦੀ ਮਾਨਸਾ ਫੇਰੀ ਨੂੰ ਆੜੇ ਹੱਥੀਂ ਲੈਂਦੇ ਹੋਏ ਕਿਹਾ ਕਿ ਪਿਛਲੇ ਦਿਨਾਂ ਅੰਦਰ ਸਿਹਤ ਮੰਤਰੀ ਮਾਨਸਾ ਦੇ ਸਿਵਲ ਹਸਪਤਾਲ ਦਾ ਦੌਰਾ ਕਰਨ ਆਏ ਪਰੰਤੂ ਉਹ ਸਿਰਫ ਇਕ ਫੋਟੋ ਸੈਸ਼ਨ ਤੱਕ ਹੀ ਸੀਮਤ ਰਹਿ ਗਿਆ।

ਉਹਨਾਂ ਕਿਹਾ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਡਾਕਟਰਾਂ ਤੇ ਮੁਢਲੀਆਂ ਦਵਾਈਆਂ ਦੀ ਵੱਡੀ ਘਾਟ ਹੈ, ਪਹਿਲਾਂ ਇਸ ਨੂੰ ਪੂਰਾ ਕੀਤਾ ਜਾਵੇ। ਉਹਨਾਂ ਮੁਢਲੇ ਸਿਹਤ ਕੇਂਦਰਾਂ ਵਿੱਚ ਕੰਮ ਕਰਦੇ ਸਿਹਤ ਕਾਮਿਆਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਜੋ ਪ੍ਰਤੀ ਮਰੀਜ਼ ਤਨਖਾਹ ਦਿੱਤੀ ਜਾਂਦੀ ਹੈ ਉਸ ਨੂੰ ਬੰਦ ਕਰਕੇ ਇਹਨਾਂ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ ਤੇ ਇਹਨਾਂ ਨੂੰ ਬਣਦਾ ਸਨਮਾਨ ਦਿੱਤਾ ਜਾਵੇ। ਇਸ ਮੌਕੇ ਪਵਨ ਕੁਮਾਰ ਐਮ ਸੀ, ਕੁਲਵਿੰਦਰ ਕੌਰ ਐਮ ਸੀ, ਪਾਲਾ ਰਾਮ ਪਰੋਚਾ ਸੀਨੀਅਰ ਕਾਂਗਰਸੀ, ਐਡਵੋਕੇਟ ਰਵੀ ਰੁਪਾਲ, ਗੁਰਸੇਵਕ ਢੁੰਡਾ , ਗੁਰਪਿਆਰ ਜੌੜਾ, ਰਾਮ ਸਿੰਘ ਠੂਠਿਆਂਵਾਲੀ ਤੇ ਸਮਾਜਸੇਵੀ ਸਤੀਸ਼ ਮਹਿਤਾ ਮਜੂਦ ਸਨ।

ਕਾਤਰਾਂ

ਸ਼ਹੀਦੀ ਸਭਾ ਦੇ ਖੇਤਰ 'ਚ ਆਂਡੇ, ਮਾਸ-ਮੱਛੀ, ਬੀੜੀ-ਸਿਗਰੇਟ ਵੇਚਣ 'ਤੇ ਪਾਬੰਦੀ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 26 ਤੋਂ 28 ਦਸੰਬਰ ਤੱਕ ਆਯੋਜਿਤ ਕੀਤੀ ਜਾਣ ਵਾਲੀ ਸ਼ਹੀਦੀ ਸਭਾ ਦੇ ਮਾਹੌਲ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਜ਼ਿਲ੍ਹਾ ਮੈਜਿਸਟਰੇਟ ਪਰਨੀਤ ਸ਼ੇਰਗਿੱਲ ਨੇ ਫੌਜਦਾਰੀ ਜ਼ਾਬਤਾ ਸੰਘਤਾ 1973(2 ਆਫ 1974) ਦੀ ਧਾਰਾ 144 ਅਧੀਨ ਹੁਕਮ ਜਾਰੀ ਕੀਤੇ ਹਨ ਕਿ ਸ਼ਹੀਦੀ ਸਭਾ ਦੌਰਾਨ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੀ ਹਦੂਦ ਦੇ ਤਿੰਨ ਕਿਲੋਮੀਟਰ ਦੇ ਏਰੀਏ ਵਿੱਚ ਆਂਡੇ, ਮਾਸ-ਮੱਛੀ, ਤੰਬਾਕੂ, ਬੀੜੀ-ਸਿਗਰੇਟ ਵੇਚਣ 'ਤੇ ਪੂਰਨ ਪਾਬੰਦੀ ਲਗਾਈ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਫਤਹਿਗੜ੍ਹ ਸਾਹਿਬ ਵਿਖੇ ਆਉਂਦੇ ਹਨ ਅਤੇ ਸ਼ਹੀਦੀ ਸਭਾ ਦੇ ਏਰੀਏ ਵਿੱਚ ਆਂਡਿਆਂ, ਮਾਸ-ਮੱਛੀ, ਤੰਬਾਕੂ, ਬੀੜੀ-ਸਿਗਰੇਟ ਆਦਿ ਦੀਆਂ ਦੁਕਾਨਾਂ/ਸਟਾਲ ਲਗਾਉਣ ਨਾਲ ਜਿਥੇ ਮਾਹੌਲ ਦੀ ਪਵਿੱਤਰਤਾ ਭੰਗ ਹੁੰਦੀ ਹੈ ਉਥੇ ਇਸ ਗੱਲ ਦਾ ਸ਼ਰਧਾਲੂਆਂ 'ਤੇ ਵੀ ਮਾੜਾ ਪ੍ਰਭਾਵ ਪੈਦਾ ਹੈ। ਇਸ ਗੱਲ ਨੂੰ ਵੇਖਦਿਆਂ ਇਹ ਮਨਾਹੀ ਹੁਕਮ ਜਾਰੀ ਕੀਤੇ ਗਏ ਹਨ ਜੋ ਕਿ 31 ਦਸੰਬਰ, 2022 ਤੱਕ ਲਾਗੂ ਰਹਿਣਗੇ।

ਤਬਾਦਲੇ ਦੇ ਬਾਅਦ ਵੀ ਐਸ ਐਮ ਓ ਦਫਤਰ ਦੇ ਬਾਹਰ ਬਦਲੇ ਹੋਏ ਐਸ ਐਮ ਓ ਦੀ ਨੇਮ ਪਲੇਟ ਲੱਗੀ

ਜਗਰਾਉਂ (ਅਮਿਤ ਖੰਨਾ)-ਜੱਚਾ-ਬੱਚਾ ਹਸਪਤਾਲ ਵਿੱਚ ਬਣੇ ਐਸ.ਐਮ.ਓ ਦਫਤਰ ਵਿੱਚ ਡਾਕਟਰ ਪ੍ਰਦੀਪ ਕੁਮਾਰ ਦੇ ਨਾਂਅ ਵਾਲੀ ਨੇਮ ਪਲੇਟ ਦੇਖੀ ਗਈ। ਦੱਸ ਦੇਈਏ ਕਿ ਸਿਵਲ ਹਸਪਤਾਲ ਦੇ ਪੁਰਾਣੇ ਐਸ.ਐਮ.ਓ ਡਾ.ਪ੍ਰਦੀਪ ਕੁਮਾਰ ਦਾ ਜੱਚਾ ਬੱਚਾ ਹਸਪਤਾਲ ਸ਼ੁਰੂ ਹੋਣ ਦੇ ਇੱਕ ਹਫਤੇ ਦੇ ਅੰਦਰ ਹੀ ਤਬਾਦਲਾ ਕਰ ਦਿੱਤਾ ਗਿਆ ਸੀ। ਪਰ ਅੱਜ ਉਨ੍ਹਾਂ ਦੇ ਤਬਾਦਲੇ ਨੂੰ ਕਰੀਬ 20 ਤੋਂ 25 ਦਿਨ ਬੀਤ ਚੁੱਕੇ ਹਨ ਪਰ ਜੱਚਾ-ਬੱਚਾ ਹਸਪਤਾਲ ਵਿੱਚ ਬਣੇ ਐਸ.ਐਮ.ਓ ਦਫਤਰ ਦੇ ਸਾਹਮਣੇ ਅੱਜ ਵੀ ਉਨ੍ਹਾਂ ਦੇ ਨਾਂਅ ਦੀ ਨੇਮ ਪਲੇਟ ਨਜ਼ਰ ਆ ਰਹੀ ਹੈ। ਇਸ ਸੰਬੰਧੀ ਜਦੋਂ ਸਿਵਲ ਹਸਪਤਾਲ ਦੇ ਐਸ.ਐਮ.ਓ ਡਾ.ਪੁਨੀਤ ਸਿੱਧੂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਵਿੱਚ ਐਸ.ਐਮ.ਓ ਦੇ ਬੈਠਣ ਲਈ ਦੋ ਦਫਤਰ ਹਨ ਅਤੇ ਉਹ ਅੱਜ ਵੀ ਪੁਰਾਣੇ ਦਫਤਰ ਵਿੱਚ ਹੀ ਬੈਠਦੇ ਹਨ ਅਤੇ ਸਿਵਲ ਵਿੱਚ ਪੁਰਾਣੀ ਨੇਮ ਪਲੇਟ ਲੱਗੀ ਹੋਈ ਹੈ। ਹਸਪਤਾਲ ਬਦਲਿਆ ਜਾ ਰਿਹਾ ਹੈ ਅਤੇ ਜਲਦ ਹੀ ਜੱਚਾ ਬੱਚਾ ਹਸਪਤਾਲ ਦੇ ਐਸ.ਐਮ.ਓ ਦਫਤਰ ਦੇ ਬਾਹਰ ਡਾ. ਪ੍ਰਦੀਪ ਕੁਮਾਰ ਦੇ ਨਾਂਅ ਦੀ ਪਲੇਟ ਬਦਲ ਦਿੱਤੀ ਜਾਵੇਗੀ।

ਸ਼ਾਕਿਆ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਸੰਬੰਧੀ ਕੀਤੀ ਮੀਟਿੰਗ

ਕੋਟਕਪੂਰਾ (ਰਛਪਾਲ ਭੁੱਲਰ)-ਬੀਤੇ ਦਿਨੀਂ ਗਿਆਨ ਸਿੰਘ ਬੁੱਧ ਦੇ ਗ੍ਰਹਿ ਹਰਗੋਬਿੰਦ ਨਗਰ ਬਾਈਪਾਸ ਫਰੀਦਕੋਟ ਵਿਖੇ ਸ਼ਾਕਿਆ ਸਮਾਜ ਦੀ ਭਲਾਈ, ਦੁੱਖ ਤਕਲੀਫਾਂ ਅਤੇ ਸਮੱਸਿਆਵਾਂ ਦੇ ਨਿਪਟਾਰੇ ਸੰਬੰਧੀ ਮੀਟਿੰਗ ਕੀਤੀ ਗਈ। ਜਿਸ ਵਿੱਚ ਸ਼ਾਕਿਆ ਸਮਾਜ ਦੀ ਇਕੱਤਰਤਾ ਅਤੇ ਭਲਾਈ, ਸੁਸਾਇਟੀ ਦੇ ਨਿਰਮਾਣ ਕਰਨ ਦਾ ਮੁੱਖ ਏਜੰਡਾ ਸੀ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਪਰਮਪਾਲ ਸ਼ਾਕਿਆ ਨੇ ਆਖਿਆ ਕਿ ਅੱਜ ਸਾਡੇ ਸਮਾਜ ਵਿੱਚ ਇਕੱਤਰਤਾ ਨਾ ਹੋਣ ਕਰਕੇ ਅਸੀਂ ਆਪਣੇ ਹੱਕਾਂ ਤੋਂ ਵਾਂਝੇ ਹਾਂ, ਇਸ ਲਈ ਸਾਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਇੱਕ ਪਲੇਟਫਾਰਮ 'ਤੇ ਇਕੱਤਰ ਹੋਣ ਦੀ ਅਹਿਮ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਦੀਪ ਸਿੰਘ, ਨੇਤਰਪਾਲ ਸ਼ਾਕਿਆ, ਗਿਆਨ ਸਿੰਘ, ਹੇਮ ਸਿੰਘ ਸ਼ਾਕਿਆ, ਸ਼ੇਰ ਸਿੰਘ, ਰਵੀ ਕੁਮਾਰ, ਨਮੀਨ ਚੰਦ ਸ਼ਾਕਿਆ, ਚੇਤ ਰਾਮ ਸ਼ਾਕਿਆ ਆਦਿ ਨੇ ਵੀ ਆਪੋ ਆਪਣੇ ਵਿਚਾਰ ਰੱਖੇ।

ਮਲਟੀਪਰਪਜ਼ ਹੈੱਲਥ ਇੰਪਲਾਈਜ਼ ਯੂਨੀਅਨ ਪੰਜਾਬ ਦੀ ਚੋਣ

ਮੋਗਾ (ਅਮਰਜੀਤ ਬੱਬਰੀ)- ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦਾ ਅੱਠਵਾਂ ਸੂਬਾਈ ਇਜਲਾਸ ਸਿਵਲ ਹਸਪਤਾਲ ਬਠਿੰਡਾ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਾਲ ਵਿੱਚ ਹੋਇਆ ਜਿਸ ਵਿੱਚ ਸੂਬੇ ਭਰ ਦੇ ਸਾਰੇ ਜ਼ਿਲ੍ਹਿਆਂ ਤੋਂ ਡੇਲੀਗੇਟਾਂ ਨੇ ਭਾਗ ਲਿਆ। ਇਸ ਮੌਕੇ ਜਥੇਬੰਦੀ ਦੀ ਸੂਬਾ ਕਮੇਟੀ ਦੀ ਚੋਣ ਸਰਬਸੰਤੀ ਦੇ ਨਾਲ ਕੀਤੀ ਗਈ ਜਿਸ ਵਿੱਚ ਜਿਸ ਵਿੱਚ ਕੁਲਵੀਰ ਸਿੰਘ ਮੋਗਾ ਨੂੰ ਲਗਾਤਾਰ ਤੀਸਰੀ ਵਾਰ ਸੂਬਾ ਪ੍ਰਧਾਨ ਪ੍ਰਧਾਨ ਚੁਣਿਆ ਗਿਆ ਅਤੇ ਜਸਵਿੰਦਰ ਸਿੰਘ ਅੰਮ੍ਰਿਤਸਰ ਨੂੰ ਜਨਰਲ ਸਕੱਤਰ, ਗੁਲਜ਼ਾਰ ਖਾਨ ਪੰਜਗਰਾਈਆਂ ਨੂੰ ਮੁੱਖ ਸਲਾਹਕਾਰ, ਗਗਨਦੀ

ਵੀਰਵਾਰ, 1 ਦਸੰਬਰ, 2022
16 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 181

ਨਵਾਂ ਜ਼ਮਾਨਾ

DAILY NAWAN ZAMANA • THURSDAY, 1 DECEMBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in

ਬਿਲਕਿਸ ਬਾਨੋ ਪਹੁੰਚੀ ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ 2002 ਦੇ ਸਮੂਹਕ ਜਬਰ-ਜ਼ਿਨਾਹ ਕੇਸ ਦੇ ਦੋਸ਼ੀਆਂ ਨੂੰ ਸਜ਼ਾ 'ਚ ਰਿਆਇਤ ਦੇਣ ਅਤੇ ਉਨ੍ਹਾਂ ਨੂੰ ਬਰੀ ਕੀਤੇ ਜਾਣ ਨੂੰ ਚੁਣੌਤੀ ਦੇਣ ਵਾਲੀ ਬਿਲਕਿਸ ਬਾਨੋ ਦੀ ਨਵੀਂ ਪਟੀਸ਼ਨ ਨੂੰ ਸੁਣਵਾਈ ਲਈ ਸੂਚੀਬੱਧ ਕਰਨ 'ਤੇ ਵਿਚਾਰ ਕਰੇਗੀ। ਇਹ ਗੱਲ ਚੀਫ ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਬੈਂਚ ਨੇ ਉਦੋਂ ਕਹੀ, ਜਦੋਂ ਐਡਵੋਕੇਟ ਸ਼ੋਭਾ ਗੁਪਤਾ ਨੇ ਕਿਹਾ ਕਿ ਦੋਸ਼ੀਆਂ ਨੂੰ ਬਰੀ ਕਰਨ ਨੂੰ ਖੁਦ ਬਿਲਕਿਸ ਨੇ ਚੈਲੰਜ ਕੀਤਾ ਹੈ ਤੇ ਮਾਮਲਾ ਸੁਣਨਾ ਬਣਦਾ ਹੈ।

5 ਏ ਕੇ ਰਾਈਫਲਾਂ ਫੜੀਆਂ

ਚੰਡੀਗੜ੍ਹ : ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਬੁੱਧਵਾਰ ਟਵੀਟ ਕਰਕੇ ਦੱਸਿਆ ਕਿ ਪੰਜਾਬ ਪੁਲਸ ਨੇ ਬੀ ਐੱਸ ਐੱਫ ਨਾਲ ਸਾਂਝੇ ਅਪਰੇਸ਼ਨ ਦੌਰਾਨ ਫਿਰੋਜ਼ਪੁਰ ਵਿੱਚੋਂ ਪੰਜ ਏ ਕੇ-47 ਰਾਈਫਲਾਂ, ਪੰਜ ਪਿਸਤੌਲ ਅਤੇ ਨੌਂ ਮੈਗਜ਼ੀਨ ਜ਼ਬਤ ਕੀਤੇ ਹਨ।

ਦਿੱਲੀ ਆਬਕਾਰੀ ਨੀਤੀ ਮਾਮਲੇ 'ਚ ਕਾਰੋਬਾਰੀ ਗ੍ਰਿਫਤਾਰ

ਨਵੀਂ ਦਿੱਲੀ : ਈ ਡੀ ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਵਿਚ ਮਨੀ ਲਾਂਡਰਿੰਗ ਦੀ ਜਾਂਚ ਦੇ ਸੰਬੰਧ 'ਚ ਇਕ ਹੋਰ ਕਾਰੋਬਾਰੀ ਅਮਿਤ ਅਰੋੜਾ ਨੂੰ ਗ੍ਰਿਫਤਾਰ ਕੀਤਾ ਹੈ। ਅਰੋੜਾ ਗੁਰੂਗ੍ਰਾਮ ਸਥਿਤ 'ਬੱਡੀ ਰਿਟੇਲ ਪ੍ਰਾਈਵੇਟ ਲਿਮਟਿਡ' ਦਾ ਡਾਇਰੈਕਟਰ ਹੈ। ਇਸ ਮਾਮਲੇ 'ਚ ਈਡੀ ਵੱਲੋਂ ਇਹ ਛੇਵੀਂ ਗ੍ਰਿਫਤਾਰੀ ਹੈ।

ਰਾਏ ਜੋੜੀ ਨੇ ਅਹੁਦੇ ਤਿਆਗੇ

ਨਵੀਂ ਦਿੱਲੀ : ਨਿਊ ਦਿੱਲੀ ਟੈਲੀਵਿਜ਼ਨ ਲਿਮਟਿਡ (ਐੱਨ ਡੀ ਟੀ ਵੀ) ਦੇ ਬਾਨੀ ਪ੍ਰਣਯ ਰਾਏ ਅਤੇ ਉਨ੍ਹਾ ਦੀ ਪਤਨੀ ਰਾਧਿਕਾ ਰਾਏ ਨੇ ਪ੍ਰਮੋਟਰ ਸਮੂਹ ਦੀ ਇਕਾਈ ਆਰ ਆਰ ਪੀ ਆਰ ਹੋਲਡਿੰਗ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰਾਂ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਦਰਅਸਲ ਅਡਾਨੀ ਸਮੂਹ ਹੁਣ ਇਸ ਨਿਊਜ਼ ਚੈਨਲ ਨੂੰ ਹਾਸਲ ਕਰਨ ਦੇ ਨੇੜੇ ਆ ਗਿਆ ਹੈ। ਇਸ ਦੇ ਮੱਦੇਨਜ਼ਰ ਰਾਏ ਜੋੜੇ ਨੇ ਡਾਇਰੈਕਟਰਾਂ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਗੁਜਰਾਤ 'ਚ 500 ਕਰੋੜ ਦੀ ਡਰੱਗ ਫੜੀ

ਅਹਿਮਦਾਬਾਦ : ਗੁਜਰਾਤ ਦੇ ਦਹਿਸ਼ਤਗਰਦੀ ਵਿਰੋਧੀ ਦਸਤੇ (ਏ ਟੀ ਐੱਸ) ਨੇ ਵਡੋਦਰਾ ਸ਼ਹਿਰ ਦੇ ਬਾਹਰਵਾਰ ਸਥਿਤ ਨਿਰਮਾਣ ਇਕਾਈ 'ਤੇ ਛਾਪਾ ਮਾਰ ਕੇ ਕਰੀਬ 500 ਕਰੋੜ ਰੁਪਏ ਦੀ ਪਾਬੰਦੀਸ਼ੁਦਾ ਐੱਮ ਡੀ ਡਰੱਗ ਜ਼ਬਤ ਕੀਤੀ ਹੈ। ਮੰਗਲਵਾਰ ਰਾਤ ਵਡੋਦਰਾ ਨੇੜੇ ਛੋਟੀ ਫੈਕਟਰੀ ਅਤੇ ਗੋਦਾਮ 'ਤੇ ਛਾਪੇਮਾਰੀ ਦੌਰਾਨ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਰਸਾਇਣਾਂ ਦੇ ਨਿਰਮਾਣ ਦੇ ਓਹਲੇ 'ਚ ਐੱਮ ਡੀ ਡਰੱਗ ਦਾ ਨਿਰਮਾਣ ਕਰ ਰਹੇ ਸਨ, ਜੋ ਨਸ਼ੀਲੇ ਪਦਾਰਥਾਂ ਦੀ ਸ਼੍ਰੇਣੀ 'ਚ ਆਉਂਦੀ ਹੈ।

ਨਿਊਜ਼ੀਲੈਂਡ ਜਿੱਤਿਆ

ਕ੍ਰਾਈਸਟਚਰਚ : ਮੀਂਹ ਕਾਰਨ ਭਾਰਤ ਤੇ ਨਿਊਜ਼ੀਲੈਂਡ ਵਿਚਾਲੇ ਤੀਜਾ ਤੇ ਆਖਰੀ ਇਕ ਦਿਨਾ ਮੈਚ ਰੱਦ ਹੋਣ ਨਾਲ ਨਿਊਜ਼ੀਲੈਂਡ ਦੀ ਟੀਮ ਲੜੀ 1-0 ਨਾਲ ਜਿੱਤ ਗਈ। ਮੀਂਹ ਕਾਰਨ ਮੈਚ ਰੁਕਣ ਵੇਲੇ ਮੇਜ਼ਬਾਨ ਟੀਮ ਨੇ ਜਿੱਤ ਲਈ ਲੋੜੀਂਦੀਆਂ 220 ਦੌੜਾਂ ਦਾ ਪਿੱਛਾ ਕਰਦਿਆਂ ਇਕ ਵਿਕਟ 'ਤੇ 104 ਦੌੜਾਂ ਬਣਾਈਆਂ ਸਨ।

ਇੰਗਲੈਂਡ ਅਗਲੇ ਦੌਰ 'ਚ

ਅਲ ਰੇਯਾਨ (ਕਤਰ) : ਮਾਰਕਸ ਰਾਸਫੋਰਡ ਦੇ ਦੋ ਗੋਲਾਂ ਅਤੇ ਫਿਲ ਫੋਡੇਨ ਦੇ ਇੱਕ ਗੋਲ ਦੇ ਸਦਕੇ ਇੰਗਲੈਂਡ ਵੇਲਜ਼ ਨੂੰ 3-0 ਨਾਲ ਹਰਾ ਕੇ ਫੀਫਾ ਵਿਸ਼ਵ ਕੱਪ ਦੇ ਪ੍ਰੀਕੁਆਰਟਰ ਫਾਈਨਲ 'ਚ ਪੁੱਜ ਗਿਆ।

ਆਫਤਾਬ ਨੇ ਗੁਨਾਹ ਕਬੂਲਿਆ

ਨਵੀਂ ਦਿੱਲੀ : ਆਫਤਾਬ ਅਮੀਨ ਪੂਨਾਵਾਲਾ ਨੇ ਫੋਰੈਂਸਿਕ ਸਾਇੰਸ ਲੈਬਾਰਟਰੀ (ਐੱਫ ਐੱਸ ਐੱਲ) 'ਚ ਕਰਵਾਏ ਗਏ ਪੌਲੀਗ੍ਰਾਫ ਟੈੱਸਟ ਦੌਰਾਨ ਆਪਣੀ ਲਿਵ-ਇਨ ਪਾਰਟਨਰ ਸ਼ਰਧਾ ਵਾਕਰ ਦੀ ਹੱਤਿਆ ਅਤੇ ਉਸ ਦੇ ਸਰੀਰ ਦੇ ਟੁਕੜੇ ਕਰਨ ਦਾ ਗੁਨਾਹ ਕਬੂਲ ਲਿਆ ਹੈ। ਐੱਫ ਐੱਸ ਐੱਲ ਦੇ ਸੂਤਰਾਂ ਨੇ ਦੱਸਿਆ ਕਿ ਛੇ ਸੈਸ਼ਨਾਂ ਤੋਂ ਬਾਅਦ ਪੌਲੀਗ੍ਰਾਫ ਟੈਸਟ ਸਮਾਪਤ ਹੋ ਗਿਆ। ਉਸ ਨੇ ਸ਼ਰਧਾ ਦੀ ਹੱਤਿਆ ਕਰਨ ਅਤੇ ਉਸ ਦੇ ਸਰੀਰ ਦੇ ਅੰਗਾਂ ਨੂੰ ਜੰਗਲੀ ਖੇਤਰਾਂ 'ਚ ਸੁੱਟਣ ਦੀ ਗੱਲ ਕਬੂਲ ਕੀਤੀ ਹੈ। ਉਸ ਨੇ ਮੰਨਿਆ ਕਿ ਉਸ ਦੇ ਕਈ ਕੁੜੀਆਂ ਨਾਲ ਸੰਬੰਧ ਸਨ।

ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਜਾਂਦੇ ਮਜ਼ਦੂਰਾਂ 'ਤੇ ਲਾਠੀਚਾਰਜ

ਰੋਹ ਨੂੰ ਦੇਖਦਿਆਂ ਮਾਨ ਵੱਲੋਂ ਮਜ਼ਦੂਰ ਆਗੂਆਂ ਨੂੰ ਗੱਲਬਾਤ ਲਈ ਮੀਟਿੰਗ ਦਾ ਸੱਦਾ

ਸੰਗਰੂਰ (ਪ੍ਰਵੀਨ ਸਿੰਘ)

ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਹਜ਼ਾਰਾਂ ਮਜ਼ਦੂਰਾਂ ਦਾ ਕਾਫਲਾ ਬੁੱਧਵਾਰ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਲਈ ਜਿਵੇਂ ਹੀ ਕੋਠੀ ਵੱਲ ਵਧਿਆ ਤਾਂ ਪੁਲਸ ਨੇ ਲਾਠੀਚਾਰਜ ਕਰ ਦਿੱਤਾ, ਜਿਸ ਵਿੱਚ ਕਾਫੀ ਮਰਦ-ਔਰਤਾਂ ਦੇ ਸੱਟਾਂ ਲੱਗੀਆਂ, ਕਈ ਮਜ਼ਦੂਰਾਂ ਦੀਆਂ ਦਸਤਾਰਾਂ ਵੀ ਉੱਤਰੀਆਂ। ਇਸ ਕਾਰਨ ਮਜ਼ਦੂਰਾਂ ਦੇ ਮਨਾਂ ਵਿੱਚ ਹੋਰ ਵੀ ਗੁੱਸਾ ਵਧ ਗਿਆ। ਮਜ਼ਦੂਰਾਂ ਦੇ ਗੁੱਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਮੰਤਰੀ ਵਲੋਂ ਮਜ਼ਦੂਰ ਆਗੂਆਂ ਨਾਲ 21 ਦਸੰਬਰ ਨੂੰ ਚੰਡੀਗੜ੍ਹ ਵਿਖੇ ਪੈਨਲ ਮੀਟਿੰਗ ਦਾ ਪ੍ਰਸ਼ਾਸਨ ਰਾਹੀਂ ਸੱਦਾ ਪੱਤਰ ਇਕੱਠ ਵਿੱਚ ਆ ਕੇ ਦੇਣਾ ਪਿਆ ਤਾਂ ਜਾ ਕੇ ਘੇਰਾਓ ਖਤਮ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਅਤੇ ਭਖਦੀਆਂ ਮੰਗਾਂ ਦੇ ਠੋਸ ਨਿਪਟਾਰੇ ਲਈ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਲਈ ਇਸ ਐਕਸ਼ਨ 'ਚ ਪੰਜਾਬ ਭਰ ਤੋਂ ਕਾਫਲਿਆਂ ਦੇ ਰੂਪ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਰਦ-ਔਰਤਾਂ ਸ਼ਾਮਲ ਹੋਏ।

ਇਸ ਤੋਂ ਪਹਿਲਾਂ ਪਟਿਆਲਾ ਪੁਲ ਹੇਠਾਂ ਜੁੜੇ ਹਜ਼ਾਰਾਂ ਬੇਜ਼ਮੀਨੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਮੋਰਚੇ ਵਿੱਚ ਸ਼ਾਮਲ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਲਖਵੀਰ ਲੌਂਗੋਵਾਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਆਗੂ ਮੱਖਣ ਸਿੰਘ ਰਾਮਗੜ੍ਹ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਭੂਪ ਚੰਦ ਚੌਨੇ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਪ੍ਰਕਾਸ਼ ਨੰਦਗੜ੍ਹ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਗੁਲਜ਼ਾਰ ਗੋਰੀਆ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਹੱਕ ਮੰਗਦੇ ਮਜ਼ਦੂਰਾਂ ਉੱਪਰ ਪੁਲਸ ਲਾਠੀਚਾਰਜ ਦੀ ਨਿੰਦਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਮਜ਼ਦੂਰ ਵਿਰੋਧੀ ਨੀਤੀਆਂ ਉੱਤੇ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਜਾਤ-ਪਾਤੀ ਵਿਤਕਰੇਬਾਜ਼ੀ ਕਾਰਨ ਹੀ ਮੰਨੀਆਂ ਮਜ਼ਦੂਰ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਅਤੇ ਭਖਦੀਆਂ ਮਜ਼ਦੂਰ ਮੰਗਾਂ ਨੂੰ ਹੱਲ ਕਰਨ ਲਈ ਤਿਆਰ ਨਹੀਂ।

ਇਸ ਮੌਕੇ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਕਸ਼ਮੀਰ ਸਿੰਘ ਘੁਗਸ਼ੋਰ, ਜੋਰਾ ਸਿੰਘ ਨਸਰਾਲੀ, ਕ੍ਰਿਸ਼ਨ ਚੌਹਾਨ, ਪਰਮਜੀਤ ਮੁਦਕੀ, ਬਿੱਕਰ ਸਿੰਘ ਹਥੋਆ, ਪ੍ਰਗਟ ਸਿੰਘ ਕਾਲਾਝਾੜ, ਮਿੱਠੂ ਸਿੰਘ ਕੁੱਦਾ, ਪਰਮਜੀਤ ਕੌਰ ਲੌਂਗੋਵਾਲ, ਦੇਵੀ ਕੁਮਾਰੀ, ਹਰਭਗਵਾਨ ਸਿੰਘ ਮੂਨਕ, ਧਰਮਵੀਰ ਹਰੀਗੜ੍ਹ, ਲਾਲ ਸਿੰਘ ਧਨੌਲਾ, ਅਵਤਾਰ ਸਿੰਘ ਰਸੂਲਪੁਰ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ 3 ਅਕਤੂਬਰ ਨੂੰ ਮਜ਼ਦੂਰ ਮੋਰਚੇ ਨਾਲ ਤਹਿ ਕੀਤੀ ਮੀਟਿੰਗ ਰੱਦ ਕਰਨ ਤੋਂ ਬਾਅਦ ਮੁੜ ਮੀਟਿੰਗ ਲਈ ਸਮਾਂ ਨਾ ਦੇਣ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਕੀਤੀ ਗਈ ਮੀਟਿੰਗ 'ਚ ਮੰਨੀਆਂ ਮੰਗਾਂ ਉੱਪਰ ਜਾਤੀ ਵਿਤਕਰੇਬਾਜ਼ੀ ਕਾਰਨ ਕੋਈ ਅਮਲ ਨਾ ਕੀਤਾ ਗਿਆ, ਜਿਸ ਕਾਰਨ ਮਜ਼ਦੂਰ ਵਰਗ 'ਚ ਆਪ ਸਰਕਾਰ ਅਤੇ ਮੁੱਖ ਮੰਤਰੀ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਸਾਲ ਭਰ ਦੇ ਰੁਜ਼ਗਾਰ ਦੀ ਗਰੰਟੀ ਤੇ ਦਿਹਾੜੀ 700 ਰੁਪਏ ਕੀਤੀ ਜਾਵੇ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਸਸਤੇ ਭਾਅ ਮਜ਼ਦੂਰਾਂ ਨੂੰ ਦਿੱਤੀਆਂ ਜਾਣ ਤੇ ਨਜੂਲ ਜ਼ਮੀਨਾਂ ਦੇ ਮਾਲਕੀ ਹੱਕ ਦਲਿਤਾਂ ਨੂੰ ਦਿੱਤੇ ਜਾਣ, ਖੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਾਂ ਦੀ ਰਕਮ ਪੰਜ ਹਜ਼ਾਰ ਰੁਪਏ ਕੀਤੇ ਜਾਣ, ਬੁਢਾਪਾ ਪੈਨਲ ਲਈ ਉਮਰ ਹੱਦ ਘਟਾਈ ਜਾਵੇ ਅਤੇ ਦਲਿਤਾਂ 'ਤੇ ਜਬਰ ਬੰਦ ਕੀਤਾ ਜਾਵੇ ਅਤੇ ਸੰਘਰਸ਼ਾਂ ਦੌਰਾਨ ਦਰਜ ਕੇਸ ਰੱਦ ਕੀਤੇ ਜਾਣ।

ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਨੇ ਸੰਗਰੂਰ 'ਚ ਮਜ਼ਦੂਰਾਂ ਦੇ ਸਾਂਝੇ ਮੋਰਚੇ 'ਤੇ ਹੋਏ ਲਾਠੀਚਾਰਜ ਦੀ ਸਖ਼ਤ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਪੰਜਾਬ ਸਰਕਾਰ ਨੂੰ ਸਖਤ ਸ਼ਬਦਾਂ 'ਚ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਹੱਕ ਮੰਗਦੇ ਲੋਕਾਂ ਦੇ ਸੰਘਰਸ਼ਾਂ ਨੂੰ ਜਾਬਰ ਹੱਥਕੰਡਿਆਂ ਰ ਾ ਹ ੇ

● ਬਾਕੀ ਸਫ਼ਾ 10 'ਤੇ

ਬਰਾੜ ਤੇ ਇਆਲੀ ਸਾਈਡਲਾਈਨ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਮੁੱਖ ਸਰਪ੍ਰਸਤ, ਸਰਪ੍ਰਸਤ, ਸਲਾਹਕਾਰ ਬੋਰਡ ਅਤੇ ਕੋਰ ਕਮੇਟੀ ਦਾ ਐਲਾਨ ਕਰ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਾਰਟੀ ਦੇ ਮੁੱਖ ਸਰਪ੍ਰਸਤ ਹੋਣਗੇ, ਜਦਕਿ ਰਣਜੀਤ ਸਿੰਘ ਬ੍ਰਹਮਪੁਰਾ ਸਰਪ੍ਰਸਤ ਹੋਣਗੇ। ਜਗਮੀਤ ਬਰਾੜ ਅਤੇ ਵਿਧਾਇਕ ਮਨਪ੍ਰੀਤ ਇਆਲੀ ਨੂੰ ਨਵੀਂ ਕੋਰ ਕਮੇਟੀ ਅਤੇ ਪਾਰਟੀ ਪ੍ਰਧਾਨ ਦੇ ਸਲਾਹਕਾਰ ਬੋਰਡ 'ਚ ਸ਼ਾਮਲ ਨਹੀਂ ਕੀਤਾ ਗਿਆ ਹੈ।

ਪਾਰਟੀ ਨੇ ਲੋਕਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਵਿਚ ਹੋਈ ਹਾਰ ਅਤੇ ਭੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਬਾਅਦ ਸਾਰੀਆਂ ਕਮੇਟੀਆਂ ਅਤੇ ਬੋਰਡਾਂ ਨੂੰ ਭੰਗ ਕਰ ਦਿੱਤਾ ਸੀ। ਪਾਰਟੀ ਪ੍ਰਧਾਨ ਦੇ ਕੌਮੀ ਸਲਾਹਕਾਰ ਰਹਿ ਚੁੱਕੇ ਹਰਚਰਨ ਸਿੰਘ ਬੈਂਸ ਵੀ ਸਲਾਹਕਾਰ ਬੋਰਡ ਵਿੱਚੋਂ ਗਾਇਬ ਹਨ। ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬੈਂਸ ਪਾਰਟੀ ਦੇ ਮੀਡੀਆ ਸਲਾਹਕਾਰ ਹਨ। ਇਸ ਦੌਰਾਨ ਜਗਮੀਤ ਬਰਾੜ ਨੇ ਵੀਰਵਾਰ ਨੂੰ ਚੰਡੀਗੜ੍ਹ 'ਚ ਪ੍ਰੈੱਸ ਕਾਨਫਰੰਸ ਬੁਲਾਈ ਹੈ। ਕੋਰ ਕਮੇਟੀ ਤੋਂ ਬਾਹਰ ਕੀਤੇ ਜਾਣ 'ਤੇ ਉਹ ਨਾਰਾਜ਼ ਦੱਸੇ ਜਾ ਰਹੇ ਹਨ। 8 ਮੈਂਬਰੀ ਸਲਾਹਕਾਰ ਬੋਰਡ ਵਿਚ ਚਰਨਜੀਤ ਸਿੰਘ ਅਟਵਾਲ, ਕਿਰਪਾਲ ਸਿੰਘ ਬਡੂੰਗਰ, ਬੀਬੀ ਉਪਿੰਦਰਜੀਤ ਕੌਰ, ਬਲਦੇਵ ਸਿੰਘ ਮਾਨ, ਪ੍ਰਕਾਸ਼ ਚੰਦ ਗਰਗ, ਵੀਰ ਸਿੰਘ ਲੋਪੋਕੇ, ਵਰਿੰਦਰ ਸਿੰਘ ਬਾਜਵਾ ਤੇ ਜਰਨੈਲ ਸਿੰਘ ਵਾਹਦ ਸ਼ਾਮਲ ਕੀਤੇ ਗਏ ਹਨ। 24 ਮੈਂਬਰੀ ਕੋਰ ਕਮੇਟੀ ਦੇ ਮੈਂਬਰ ਹਨ : ਐੱਸ ਜੀ ਪੀ ਸੀ ਪ੍ਰਧਾਨ, ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਸਿਕੰਦਰ ਸਿੰਘ ਮਲੂਕਾ, ਅਨਿਲ ਜੋਸ਼ੀ, ਜਨਮੇਜਾ ਸਿੰਘ ਸੇਖੋਂ, ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਸੁਰਜੀਤ ਸਿੰਘ ਰੱਖੜਾ, ਹੀਰਾ ਸਿੰਘ ਗਾਬੜੀਆ, ਪ੍ਰਧਾਨ ਇਸਤਰੀ ਅਕਾਲੀ ਦਲ, ਐੱਨ ਕੇ ਸ਼ਰਮਾ, ਇਕਬਾਲ ਸਿੰਘ ਭੂੰਦਾ, ਡਾ. ਸੁਖਵਿੰਦਰ ਸੁੱਖੀ, ਗੁਰਪ੍ਰਤਾਪ ਸਿੰਘ ਵਡਾਲਾ, ਪਵਨ ਕੁਮਾਰ ਟੀਨੂੰ, ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਲਖਵੀਰ ਸਿੰਘ ਲੋਧੀਨੰਗਲ, ਸੁਨੀਤਾ ਚੌਧਰੀ, ਪ੍ਰਧਾਨ ਯੂਥ ਅਕਾਲੀ ਦਲ। ਸਪੈਸ਼ਲ ਇਨਵਾਈਟੀਆਂ ਵਿਚ ਪਰਮਜੀਤ ਸਿੰਘ ਸਰਨਾ ਤੇ ਨਰੇਸ਼ ਗੁਜਰਾਲ ਨੂੰ ਪਾਇਆ ਗਿਆ ਹੈ।

ਫਰਜ਼ੀ ਵੀਜ਼ਾ ਰੈਕੇਟ 'ਚ 8 ਗ੍ਰਿਫ਼ਤਾਰ

ਨਵੀਂ ਦਿੱਲੀ : ਫਰਜ਼ੀ ਵੀਜ਼ਾ ਰੈਕੇਟ ਦਾ ਪਰਦਾ ਫਾਸ਼ ਕਰਦਿਆਂ ਦਿੱਲੀ ਪੁਲਸ ਨੇ ਬੁੱਧਵਾਰ ਸ਼ਹਿਰ ਦੇ ਕਨਾਟ ਪਲੇਸ ਇਲਾਕੇ ਤੋਂ ਅੱਠ ਮੁਲਜ਼ਮ

1-December-PAGE-4-2.qxd 11/30/2022 10:09 PM Page 1

ਨਵਾਂ ਜ਼ਮਾਨਾ
ਵੀਰਵਾਰ, 1 ਦਸੰਬਰ 2022

ਰਾਸ਼ਟਰਪਤੀ ਦੀ ਭਾਵੁਕ ਅਪੀਲ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਵਿਧਾਨ ਦਿਵਸ ਦੇ ਮੌਕੇ 'ਤੇ ਸੁਪਰੀਮ ਕੋਰਟ ਸਮੇਤ ਦੇਸ਼ ਦੇ ਸਾਰੇ ਜੱਜਾਂ ਨੂੰ ਭਾਵੁਕ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ ਲੋਕਾਂ ਬਾਰੇ ਸੋਚਣ, ਜਿਹੜੇ ਥੱਪੜ ਮਾਰਨ ਦੇ ਦੋਸ਼ ਵਿੱਚ ਸਾਲਾਂਬੱਧੀ ਜੇਲ੍ਹਾਂ ਅੰਦਰ ਸੜਦੇ ਰਹਿੰਦੇ ਹਨ। ਨਾ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਦਾ ਪਤਾ ਹੈ, ਨਾ ਸੰਵਿਧਾਨ ਦੇ ਮੁੱਖ ਬੰਦ ਦਾ ਤੇ ਨਾ ਹੀ ਮੌਲਿਕ ਅਧਿਕਾਰਾਂ ਦਾ। ਉਨ੍ਹਾਂ ਦੇ ਘਰ ਵਾਲਿਆਂ ਵਿੱਚ ਉਨ੍ਹਾਂ ਨੂੰ ਛੁਡਾਅ ਲੈਣ ਦੀ ਹਿੰਮਤ ਨਹੀਂ ਰਹਿੰਦੀ, ਕਿਉਂਕਿ ਮੁਕੱਦਮੇ ਲੜਦਿਆਂ ਹੀ ਘਰ ਦੇ ਭਾਂਡੇ ਤੱਕ ਵਿਕ ਜਾਂਦੇ ਹਨ। ਦੂਜਿਆਂ ਦੀ ਜ਼ਿੰਦਗੀ ਖ਼ਤਮ ਕਰਨ ਵਾਲੇ ਤਾਂ ਖੁੱਲ੍ਹੇ ਘੁੰਮਦੇ ਰਹਿੰਦੇ ਹਨ, ਪਰ ਆਮ ਆਦਮੀ ਮਾਮੂਲੀ ਅਪਰਾਧ ਵਿੱਚ ਸਾਲਾਂਬੱਧੀ ਜੇਲ੍ਹ ਵਿੱਚ ਪਿਆ ਰਹਿੰਦਾ ਹੈ। ਉਨ੍ਹਾ ਆਪਣੇ ਘਰੇਲੂ ਰਾਜ ਓਡੀਸ਼ਾ ਤੇ ਝਾਰਖੰਡ ਦੇ ਗਰੀਬ ਆਦਿਵਾਸੀਆਂ ਦੀ ਦੁਰਦਸ਼ਾ ਬਿਆਨ ਕਰਦਿਆਂ ਕਿਹਾ ਕਿ ਜ਼ਮਾਨਤ ਰਾਸ਼ੀ ਨਾ ਭਰ ਸਕਣ ਕਾਰਨ ਜ਼ਮਾਨਤ ਮਿਲ ਜਾਣ ਦੇ ਬਾਵਜੂਦ ਉਹ ਜੇਲ੍ਹ ਵਿੱਚ ਬੰਦ ਹਨ। ਆਪਣੇ ਅੰਗਰੇਜ਼ੀ ਵਿੱਚ ਲਿਖੇ ਭਾਸ਼ਣ ਤੋਂ ਹਟ ਕੇ ਉਨ੍ਹਾ ਹਿੰਦੀ ਵਿੱਚ ਬੋਲਦਿਆਂ ਇਹ ਅਪੀਲ ਕੀਤੀ ਸੀ। ਇਸ ਮੌਕੇ ਪ੍ਰੋਗਰਾਮ ਵਿੱਚ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਸਮੇਤ ਸਾਰੇ ਜੱਜ ਤੇ ਕਾਨੂੰਨ ਮੰਤਰੀ ਵੀ ਹਾਜ਼ਰ ਸਨ।

ਰਾਸ਼ਟਰਪਤੀ ਦੀ ਇਸ ਅਪੀਲ ਦਾ ਸੁਪਰੀਮ ਕੋਰਟ ਉੱਤੇ ਸਿੱਧਾ ਅਸਰ ਹੋਇਆ ਹੈ। ਸੁਪਰੀਮ ਕੋਰਟ ਨੇ ਤੁਰੰਤ ਕਾਰਵਾਈ ਕਰਦਿਆਂ ਸਾਰੀਆਂ ਰਾਜ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਜੇਲ੍ਹ ਅਧਿਕਾਰੀਆਂ ਨੂੰ ਕਹਿਣ ਕਿ ਉਹ ਉਨ੍ਹਾਂ ਸਾਰੇ ਕੈਦੀਆਂ ਦੀਆਂ ਸੂਚੀਆਂ ਤਿਆਰ ਕਰਕੇ ਭੇਜਣ, ਜਿਨ੍ਹਾਂ ਨੂੰ ਜ਼ਮਾਨਤ ਮਿਲ ਚੁੱਕੀ ਹੈ, ਪਰ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਣ ਕਾਰਨ ਹਾਲੇ ਵੀ ਜੇਲ੍ਹਾਂ ਵਿੱਚ ਬੰਦ ਹਨ।

ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਏ ਐੱਸ ਓਕਾ ਨੇ ਆਪਣੇ ਹੁਕਮ ਵਿੱਚ ਕਿਹਾ ਹੈ ਕਿ ਕੈਦੀਆਂ ਦੇ ਨਾਂਅ, ਅਪਰਾਧ ਦੀ ਵੰਨਗੀ, ਜ਼ਮਾਨਤ ਦੀ ਤਰੀਕ ਤੇ ਜ਼ਮਾਨਤ ਦੀਆਂ ਸ਼ਰਤਾਂ ਸਮੇਤ ਸਾਰਾ ਵੇਰਵਾ 15 ਦਿਨਾਂ ਦੇ ਅੰਦਰ ਮੁਹੱਈਆ ਕਰਵਾਇਆ ਜਾਵੇ। ਰਾਜ ਸਰਕਾਰਾਂ ਨੂੰ ਇਹ ਵੇਰਵੇ ਅੱਗੋਂ ਇੱਕ ਹਫ਼ਤੇ ਵਿੱਚ ਨੈਸ਼ਨਲ ਲੀਗਲ ਸਰਵਿਸ ਅਥਾਰਟੀ (ਨਾਲਸਾ) ਨੂੰ ਭੇਜਣੇ ਹੋਣਗੇ। ਨਾਲਸਾ ਜ਼ਰੂਰਤ ਪੈਣ ਉੱਤੇ ਸੁਝਾਅ ਵੀ ਦੇਵੇਗੀ ਤੇ ਨਾਲ ਹੀ ਜ਼ਰੂਰਤਮੰਦਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰੇਗੀ।

ਅਸਲ ਵਿੱਚ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਏ ਐੱਸ ਓਕਾ ਦੀ ਬੈਂਚ ਜੇਲ੍ਹਾਂ ਵਿੱਚ ਬੰਦ ਉਮਰ ਕੈਦੀਆਂ ਦੀ ਇੱਕ ਰਿੱਟ ਉੱਤੇ ਵਿਚਾਰ ਕਰ ਰਹੀ ਸੀ। ਜਸਟਿਸ ਕੌਲ ਨੇ ਮੰਨਿਆ ਕਿ ਅਜਿਹੇ ਕਈ ਮਾਮਲੇ ਹਨ, ਜਿਨ੍ਹਾਂ ਵਿੱਚ ਜ਼ਮਾਨਤ ਦਿੱਤੇ ਜਾਣ ਦੇ ਬਾਅਦ ਵੀ ਕੈਦੀ ਜੇਲ੍ਹਾਂ 'ਚ ਸੜ ਰਹੇ ਹਨ, ਕਿਉਂਕਿ ਉਹ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕੇ।

ਐਮਿਕਸ ਕਿਊਰੀ (ਅਦਾਲਤੀ ਮਿੱਤਰ) ਨੇ ਇਸ ਮੌਕੇ ਦੱਸਿਆ ਕਿ ਦਿੱਲੀ ਲੀਗਲ ਸਰਵਿਸ ਅਥਾਰਟੀ ਨੇ ਪਹਿਲਾਂ ਹੀ ਇਸ ਮੁੱਦੇ ਉੱਤੇ ਹਰੀ ਝੰਡੀ ਦੇ ਦਿੱਤੀ ਹੈ। ਇਸ ਅਥਾਰਟੀ ਨੇ ਉਨ੍ਹਾਂ ਲੋਕਾਂ ਲਈ ਜ਼ਮਾਨਤੀ ਬਾਂਡ ਪੇਸ਼ ਕਰਨ ਦਾ ਫੈਸਲਾ ਕੀਤਾ ਹੈ, ਜਿਹੜੇ ਜ਼ਮਾਨਤ ਰਾਸ਼ੀ ਭਰਨ ਤੋਂ ਅਸਮਰਥ ਹਨ। ਜਸਟਿਸ ਕੌਲ ਨੇ ਕਿਹਾ ਕਿ ਦਿੱਲੀ ਵਿੱਚ ਅਜਿਹੇ ਮਾਮਲੇ ਥੋੜ੍ਹੇ ਹੋ ਸਕਦੇ ਹਨ, ਪਰ ਸਮੱਸਿਆ ਉਨ੍ਹਾਂ ਰਾਜਾਂ ਵਿੱਚ ਵੱਡੀ ਹੈ, ਜਿੱਥੇ ਵਿੱਤੀ ਸਾਧਨ ਘੱਟ ਹਨ। ਜਸਟਿਸ ਓਕਾ ਨੇ ਇਸ ਸਮੱਸਿਆ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਮੁੱਦੇ ਨੂੰ ਹੱਲ ਕਰਨ ਦਾ ਇੱਕ ਤਰੀਕਾ ਜ਼ਮਾਨਤ ਦੀਆਂ ਸ਼ਰਤਾਂ ਨੂੰ ਘੱਟ ਕਰਨਾ ਹੋ ਸਕਦਾ ਹੈ।

ਸੋਸ਼ਲ ਮੀਡੀਆ ਜ਼ਰੀਏ ਬੌਧਿਕ ਸੰਵੇਦਨਾ 'ਤੇ ਹਮਲਾ

ਵਰਿੰਦਰ ਸਿੰਘ ਭੁੱਲਰ

ਸੋਸ਼ਲ ਮੀਡੀਆ 'ਤੇ ਅੱਜ ਹਰ ਇਕ ਦੀ ਪਹੁੰਚ ਹੈ। ਗੱਲ ਕੀ ਹਰ ਉਮਰ ਵਰਗ ਇਸ ਦੀ ਵਰਤੋਂ ਕਰਦਾ ਹੈ ਅਤੇ ਕਾਫ਼ੀ ਹੱਦ ਤੱਕ ਇਸ ਦੇ ਪੰਜਿਆਂ ਦੀ ਗ੍ਰਿਫ਼ਤ 'ਚ ਹੈ, ਭਾਵ ਜਿਸ ਤਰ੍ਹਾਂ ਨਸ਼ੇੜੀ ਵਿਅਕਤੀ ਨੂੰ ਨਸ਼ੇ ਦੀ ਤੋਟ ਤੰਗ ਕਰਦੀ ਹੈ, ਉਸੇ ਤਰ੍ਹਾਂ ਹੀ ਇਸ ਦੀ ਵਰਤੋਂ ਕਰਨ ਵਾਲੇ ਨਾਲ ਹੁੰਦਾ ਹੈ। ਅੱਜ-ਕੱਲ੍ਹ ਦੀ ਜੀਵਨ-ਜਾਚ ਭੱਜ-ਦੌੜ ਵਾਲੀ ਹੋਣ ਕਰਕੇ ਹਰ ਇਕ ਆਪਣੇ ਪਰਵਾਰ ਅਤੇ ਕਰੀਬੀਆਂ ਤੋਂ ਟੁੱਟ ਚੁੱਕਾ ਹੈ ਅਤੇ ਇਸ ਸੋਸ਼ਲ ਮੀਡੀਆ ਰਾਹੀਂ ਆਪਣੇ ਤੱਕ ਸੀਮਤ ਆਪਣੇ ਇਕੱਲ ਦੁਆਰਾ ਸਿਰਜੇ ਆਪਣੇ ਨਿੱਜੀ ਪਰਵਾਰ ਨਾਲ ਫੁਰਸਤ ਦੇ ਪਲ਼ ਬਤੀਤ ਕਰਨ ਨੂੰ ਤਰਜੀਹ ਦੇ ਰਿਹਾ ਹੈ। ਸਮੂਹ 'ਚ ਰਹਿਣ ਵਾਲੇ ਮਨੁੱਖ ਨੂੰ ਸੋਸ਼ਲ ਮੀਡੀਆ ਨਾਮੀ ਸ਼ੈਅ ਨੇ ਇਕੱਲਤਾ ਦਾ ਸ਼ਿਕਾਰ ਕਰ ਦਿੱਤਾ ਹੈ।

ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਬਾਰੇ ਹਰ ਕੋਈ ਜਾਣੂ ਹੈ, ਪਰ ਕੁਝ ਸ਼ਰਾਰਤੀ ਕਿਸਮ ਦੇ ਸਮਾਜ ਵਿਰੋਧੀ ਅਨਸਰ ਇਸ ਦੀ ਵਰਤੋਂ ਆਪਣੇ ਨਾਪਾਕ ਇਰਾਦਿਆਂ ਨੂੰ ਅੰਜਾਮ ਦੇਣ ਲਈ ਕਰਦੇ ਹਨ ਅਤੇ ਖਾਸਕਰ ਨੌਜਵਾਨ ਵਰਗ ਨੂੰ ਉਕਸਾਅ ਕੇ ਆਪਣਾ ਮਤਲਬ ਕੱਢਣ ਲਈ ਤਰ੍ਹਾਂ-ਤਰ੍ਹਾਂ ਦੇ ਢੰਗ-ਤਰੀਕੇ ਅਜ਼ਮਾਉਂਦੇ ਰਹਿੰਦੇ ਹਨ। ਨੌਜਵਾਨ ਵਰਗ ਦਾ ਜ਼ਿਆਦਾ ਝੁਕਾਅ/ਰੁਝਾਨ ਸੋਸ਼ਲ ਮੀਡੀਆ 'ਤੇ ਸਮਾਂ ਬਿਤਾਉਣ ਦਾ ਹੁੰਦਾ ਹੈ। ਵਿਹਲਾ ਮਨ ਸ਼ੈਤਾਨ ਦਾ ਘਰ। ਸ਼ਰਾਰਤੀ ਤੱਤਾਂ/ਸਮਾਜ ਵਿਰੋਧੀ ਅਨਸਰਾਂ ਦੇ ਬਹਿਕਾਵੇ 'ਚ ਆ ਕੇ ਨੌਜਵਾਨ ਵਰਗ ਆਪਣੀ ਬੌਧਿਕ ਲੁੱਟ ਕਰਵਾ ਕੇ ਸਮਾਜ ਵਿਰੁੱਧ ਭੁਗਤਣ ਲਈ ਤਿਆਰ ਹੋ ਜਾਂਦਾ ਹੈ। ਜਿਸ ਦੇ ਭਿਆਨਕ ਨਤੀਜੇ ਸਾਹਮਣੇ ਆਉਂਦੇ ਰਹਿੰਦੇ ਹਨ। ਨੌਜਵਾਨ ਵਰਗ ਦੀ ਬੌਧਿਕ ਅਵਸਥਾ ਹੀ ਮਾਰ-ਧਾੜ, ਐਸ਼ਪ੍ਰਸਤ, ਆਪਣੇ-ਆਪ 'ਚ ਮਸਤ ਅਤੇ ਬੇਪ੍ਰਵਾਹ ਕਿਸਮ ਦੀ ਬਣਾ ਦਿੱਤੀ ਗਈ ਹੈ। ਨੌਜਵਾਨਾਂ ਦੇ ਨਾਇਕ ਭਗਤ, ਸਰਾਭੇ ਅਤੇ ਆਜ਼ਾਦ ਬਣਨ ਦੀ ਬਜਾਇ ਗੈਂਗਸਟਰ ਬਣ ਰਹੇ ਹਨ, ਜਿਨ੍ਹਾ ਨੂੰ ਗੀਤਾਂ ਅਤੇ ਸੋਸ਼ਲ ਮੀਡੀਆ ਰਾਹੀਂ ਮੌਜੂਦਾ ਦੌਰ ਦੀ ਜ਼ਿੰਦਗੀ ਦੇ ਅਸਲ ਹੀਰੋ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਜਿਨ੍ਹਾਂ ਦੀਆ ਵੀਡੀਓਜ਼ ਵੇਖ ਵੇਖ ਬਾਲਗ ਹੈਰਾਨੀ ਭਰਿਆ ਮਾਣ ਮਹਿਸੂਸ ਕਰ ਰਹੇ ਹਨ। ਹਰ ਇਕ ਛੋਟੀ/ਵੱਡੀ ਰਾਜਨੀਤਕ ਧਿਰ ਆਪਣੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਅੱਜ-ਕੱਲ੍ਹ ਸੋਸ਼ਲ ਮੀਡੀਆ ਦਾ ਸਹਾਰਾ ਲੈਣ ਲਈ ਆਪਣੇ-ਆਪਣੇ ਆਈ ਟੀ ਸੈੱਲ ਸਥਾਪਿਤ ਕਰ ਚੁੱਕੀ ਹੈ। ਜਿਨ੍ਹਾਂ ਦਾ ਕੰਮ ਬਹੁਗਿਣਤੀ ਦੇ ਦਿਮਾਗਾਂ 'ਚ ਫਿਰਕੂ ਜ਼ਹਿਰ ਭਰਨ ਦਾ ਹੁੰਦਾ ਹੈ। ਹਰ ਵੇਲੇ ਆਪਣਾ ਗੁਣਗਾਣ ਕਰਵਾਉਣਾ ਅਤੇ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰਕੇ ਆਪਣੀ ਹਊਮੈ ਅਤੇ ਸੱਤਾ ਦੀ ਚਾਹਤ ਨੂੰ ਪੂਰਾ ਤਾਂ ਕਰ ਸਕਦਾ ਹੈ, ਪਰ ਇਸ ਦੀ ਕੀਮਤ ਸਮਾਜ/ਦੇਸ਼ ਦੀ ਆਮ ਲੋਕਾਈ ਨੂੰ ਆਪਣੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਿੰਨੀ ਤਾਰਨੀ ਪੈਂਦੀ ਹੈ? ਇਸ ਦਾ ਅੰਦਾਜ਼ਾ ਬਿਆਨ ਨਹੀਂ ਕੀਤਾ ਜਾ ਸਕਦਾ।

ਅਜਿਹੇ ਕਾਰਨ ਕਿਹੜੇ ਹਨ, ਜੋ ਨੌਜਵਾਨ ਵਰਗ ਨੂੰ ਇਹਨਾਂ ਅਨਸਰਾਂ ਵੱਲ ਆਕਰਸ਼ਿਤ ਹੋਣ ਲਈ ਮਜਬੂਰ ਕਰ ਰਹੇ ਹਨ? ਇਹ ਸਵਾਲਾਂ ਦਾ ਸਵਾਲ ਹਮੇਸ਼ਾ ਹੀ ਬਰਕਰਾਰ ਰਿਹਾ ਹੈ ਅਤੇ ਜ਼ਾਹਿਰ ਹੈ ਆਉਣ ਵਾਲੇ ਸਮੇਂ 'ਚ ਵੀ ਕਾਇਮ ਰਹੇਗਾ। ਸਾਡੇ ਦੇਸ਼ ਨੂੰ ਨੌਜਵਾਨਾਂ ਦਾ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ, ਪਰ ਸਾਡੀਆਂ ਹੁਣ ਤੱਕ ਦੀਆਂ ਸਰਕਾਰਾਂ ਨੌਜਵਾਨਾਂ ਦੀ ਸ਼ਕਤੀ ਨੂੰ ਸਹੀ ਢੰਗ-ਤਰੀਕੇ ਨਾਲ ਇਸਤੇਮਾਲ ਨਹੀਂ ਕਰ ਸਕੀਆਂ/ਰਹੀਆਂ ਅਤੇ ਨਾ ਹੀ ਅੱਗੇ ਤੋਂ ਇਸ ਦੇ ਆਸਾਰ ਨਜ਼ਰ ਆ ਰਹੇ ਹਨ। ਸੱਤਾ ਦੇ ਲਾਲਚ ਨੇ ਹੁਣ ਤੱਕ ਜਵਾਨੀ ਦੇ ਪੈਰੀਂ ਬੇੜੀਆਂ ਹੀ ਪਾਈਆਂ ਹਨ। ਜਵਾਨੀ ਨੂੰ ਹਰ ਪਲ ਇਹ ਅਹਿਸਾਸ

ਕਰਵਾਇਆ ਜਾਂਦਾ ਹੈ ਕਿ ਉਨ੍ਹਾਂ ਤੋਂ ਬਿਨਾਂ ਹੀ ਸਮਾਜ, ਦੇਸ਼ ਦਾ ਕੰਮ ਚੱਲ ਸਕਦਾ ਹੈ। ਸਮਾਜ ਨਾਲੋਂ ਟੁੱਟਿਆ ਨਫ਼ਰਤ ਦਾ ਭਰਿਆ ਹੋਇਆ ਵਿਅਕਤੀ ਸਮਾਜ ਲਈ ਨੁਕਸਾਨਦੇਹ ਸਾਬਤ ਹੁੰਦਾ ਹੈ।

ਵਿਹਲੇ ਹੱਥਾਂ ਨੂੰ ਜੀਵਨ ਬਸਰ ਕਰਨ ਲਈ ਰੁਜ਼ਗਾਰ ਚਾਹੀਦਾ ਹੈ, ਪਰ ਸਮੇਂ ਦੀਆਂ ਸਰਕਾਰਾਂ ਕੰਮ ਮੰਗਦੇ ਹੱਥਾਂ ਨੂੰ ਡਾਂਗਾਂ ਨਾਲ ਸਨਮਾਨਿਤ ਕਰ ਰਹੀਆਂ ਹਨ। ਇਕ ਪਾਸੇ ਖਾਲੀ ਅਸਾਮੀਆਂ ਦੀਆਂ ਖ਼ਬਰਾਂ ਨਿੱਤ ਦਿਨ ਅਖ਼ਬਾਰਾਂ 'ਚ ਨਸ਼ਰ ਹੋ ਰਹੀਆਂ ਹਨ ਤੇ ਬੇਰੁਜ਼ਗਾਰ ਧਰਨੇ ਲਾਉਣ ਅਤੇ ਮਰਨ ਵਰਤ ਰੱਖਣ ਲਈ ਮਜ਼ਬੂਰ ਹਨ। ਸਰਮਾਏਦਾਰੀ ਨਿਜ਼ਾਮ ਹੋਣ ਕਰਕੇ ਹਰ ਕੋਈ ਘੱਟ ਤੋਂ ਘੱਟ ਖ਼ਰਚ ਕਰਕੇ ਵੱਧ ਮੁਨਾਫ਼ਾ ਕਮਾਉਣਾ ਚਾਹੁੰਦਾ ਹੈ। ਕਿਰਤੀਆਂ ਦੀਆਂ ਛੁੱਟੀਆਂ ਕੀਤੀਆਂ ਜਾ ਰਹੀਆਂ ਹਨ। ਕੰਪਿਊਟਰੀਕਰਨ ਨੇ ਵੀ ਕਿਰਤੀਆਂ ਹੱਥ ਰੁਜ਼ਗਾਰ ਵਿਹੂਣੇ ਕਰ ਦਿੱਤੇ ਹਨ। 'ਕੰਵਲ' ਸਾਹਬ ਦਾ ਕਥਨ ਹੈ, "ਦੁਨੀਆ 'ਚ ਬਾਦਸ਼ਾਹਤ ਹੋਵੇ, ਡਿਕਟੇਟਰਸ਼ਿਪ ਹੋਵੇ ਜਾਂ ਫਿਰ ਜਮਹੂਰੀਅਤ ਹੋਵੇ, ਰਾਜ ਹਮੇਸ਼ਾ ਇਕ ਆਦਮੀ ਹੀ ਕਰਦਾ ਹੈ। ਲੋਕ ਮਨਾਂ ਨੂੰ ਆਪਣੇ ਕੰਟਰੋਲ 'ਚ ਰੱਖ ਕੇ ਦੁਨੀਆ ਨੂੰ ਆਪਣੀ ਮੁੱਠੀ 'ਚ ਰੱਖਣ ਦੀ ਚਾਹਤ ਹਰ ਤਾਕਤਵਰ ਸ਼ਖਸ ਦੀ ਰਹੀ ਹੈ। ਜੰਗਾਂ-ਯੁੱਧਾ ਦਾ ਇਤਿਹਾਸ ਲੋਕ ਮਨ੍ਹਾਂ 'ਤੇ ਕਾਬਜ਼ ਹੋ ਕੇ ਹੀ ਸਿਰਜਿਆ ਗਿਆ ਹੈ। ਨੌਜਵਾਨ ਵਰਗ ਨੂੰ ਆਪਣਾ ਪਿਛਲੱਗੂ ਬਣਾ ਕੇ ਆਪਣਾ ਮਤਲਬ ਕੱਢਣਾ ਹੀ ਨੇਤਾ/ਆਗੂ ਦੀ ਮਨਸ਼ਾ ਹੁੰਦੀ ਹੈ।

ਮੌਜੂਦਾ ਦੌਰ 'ਚ ਨਸ਼ੇ, ਗੈਂਗਸਟਰ, ਲੁੱਟ-ਖੋਹ, ਹਥਿਆਰ, ਸੱਭਿਆਚਾਰ, ਬੇਰੁਜ਼ਗਾਰੀ ਦੀ ਹੀ ਦੇਣ ਹੈ, ਜਿਸ ਦਾ ਸਿੱਧਾ ਸੰਬੰਧ ਸਰਕਾਰ ਨਾਲ ਜੁੜਦਾ ਹੈ। ਸਰਮਾਏਦਾਰੀ ਯੁੱਗ ਨੇ ਪਹਿਲਾਂ ਜਿਹੇ ਲੀਡਰ ਸਮਾਜ/ਦੇਸ਼ ਨੂੰ ਦੇਣੇ ਬੰਦ ਕਰ ਦਿੱਤੇ ਹਨ, ਜਿਹੜੇ ਆਪਣਾ ਘਰ ਫੂਕ ਕੇ ਤਮਾਸ਼ਾ ਦੇਖਣ ਨੂੰ ਹੀ ਤਰਜੀਹ ਦਿੰਦੇ ਸਨ। ਜਦੋਂ ਦਾ ਸਿਆਸਤ ਦਾ ਅਪਰਾਧੀਕਰਨ ਹੋਇਆ ਹੈ, ਅਪਰਾਧੀ ਬਿਰਤੀ ਲੋਕਾਂ ਵੱਲੋਂ ਰਾਜਨੀਤੀ ਦਾ ਰੁਖ ਕਰਨ ਕਰਕੇ ਦੇਸ਼ ਦੀ ਪਾਰਲੀਮੈਂਟ ਆਗੂ ਗਿਣਤੀ ਦੇ ਹੀ ਰਹਿ ਗਏ ਹਨ, ਬਹੁਗਿਣਤੀ ਅਪਰਾਧੀਆਂ ਦੀ ਹੈ। ਭੀੜ ਦੀ ਬੌਧਿਕਤਾ 'ਤੇ ਹੱਲਾ ਬੋਲ ਕੇ ਸੋਚ ਵਿਹੂਣੇ ਮਨੁੱਖ ਪੈਦਾ ਕੀਤੇ ਜਾ ਰਹੇ ਹਨ ਅਤੇ ਬੌਧਿਕਤਾ ਹੀਣ ਭੀੜਾਂ ਤੋਂ ਸਮਾਜ ਦੇ ਕਲ੍ਯਿਆਣ ਦੀ ਆਸ ਰੱਖੀ ਜਾ ਸਕਦੀ ਹੈ? ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਚਿੰਤਤ ਬੁੱਧੀਜੀਵੀ ਵਰਗ ਵੱਲੋਂ ਜੋ ਪ੍ਰੋਗਰਾਮ ਚਲਾਏ ਜਾ ਰਹੇ ਹਨ, ਉਹ ਸੋਸ਼ਲ ਮੀਡੀਆ ਦੁਆਰਾ ਫੈਲਾਏ ਜਾ ਰਹੇ ਕੂੜ ਪ੍ਰਚਾਰ ਤੋਂ ਬਹੁਤ ਪਿੱਛੇ ਰਹਿ ਜਾਂਦੇ ਹਨ।

ਨੌਜਵਾਨ ਵਰਗ ਨੂੰ ਦੇਸ਼ ਦੀ ਵਾਗਡੋਰ ਆਪਣੇ ਹੱਥੀਂ ਲੈਣ ਲਈ ਸਿਰ ਜੋੜ ਕੇ ਬੈਠਣ ਦੀ ਲੋੜ ਹੈ ਅਤੇ ਆਪਣੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਰਹਿਣਾ ਪਵੇਗਾ। ਇਸ ਪਾਸੇ ਸੰਜੀਦਗੀ ਨਾਲ ਸੋਚਣ ਦੀ ਜ਼ਰੂਰਤ ਦੇ ਨਾਲ-ਨਾਲ ਸਹੀ ਦਿਸ਼ਾ ਵੱਲ ਕਦਮ ਪੁੱਟਣ ਦਾ ਸਮਾਂ ਹੈ। ਵੇਲ੍ਹਾ ਵਿਹਾਅ ਕੇ ਹੱਥ ਪਲਣ ਨਾਲੋਂ ਅੱਜ ਹੀ ਆਪਣੇ ਕਾਰਜ ਨੂੰ ਸਮਰਪਿਤ ਹੋਈਏ ਅਤੇ ਦੇਸ਼ ਨੂੰ ਫ਼ਿਰਕੂ ਰੰਗਤ ਦੇਣ ਵਾਲਿਆਂ ਦੇ ਹੱਥਾਂ 'ਚ ਜਾਣ ਤੋਂ ਬਚਾਈਏ।

 # ਸੰਪਰਕ : 99148-03345

ਚਿੰਤਾ ਦਾ ਵਿਸ਼ਾ ਵੀ ਹੈ ਪਰਵਾਸ

ਮਾਪੇ ਆਪਣੇ ਜਿਗਰ ਦੇ ਟੋਟਿਆਂ ਨੂੰ ਬਚਪਨ ਤੋਂ ਲੈ ਕੇ ਜਵਾਨੀ ਵੇਲੇ ਤੱਕ ਕਈ ਉਮੀਦਾਂ ਅਤੇ ਆਸਾਂ ਨਾਲ ਪਾਲਦੇ ਹਨ। ਜਿਸ ਵਿੱਚ ਉਹਨਾਂ ਦੇ ਬੁਢਾਪੇ ਦੇ ਸਮੇਂ ਵਿੱਚ ਬੱਚੇ ਸਹਾਰਾ ਬਣ ਸਕਣ। ਜੋ ਕਿ ਮਾਪਿਆਂ ਲਈ ਇਕ ਜ਼ਰੂਰਤ ਵੀ ਹੈ ਅਤੇ ਬੱਚਿਆਂ ਵਾਸਤੇ ਫਰਜ਼ ਵੀ ਹੈ, ਜਿਸ ਨੂੰ ਹਰ ਹੀਲੇ ਨਿਭਾਉਣਾ ਬਣਦਾ ਹੈ, ਪਰ ਵੱਡੀ ਤਦਾਦ ਵਿੱਚ ਹੋ ਰਹੇ ਪਰਵਾਸ ਨੇ ਇਸ ਗੱਲ ਦੀ ਚਿੰਤਾ ਵਧਾ ਦਿੱਤੀ ਹੈ ਕਿ ਬਾਹਰਲੇ ਮੁਲਕਾਂ ਨੂੰ ਸਾਰੇ ਦੇ ਸਾਰੇ ਬੱਚਿਆਂ ਨੂੰ ਤੋਰ ਕੇ ਪਿੱਛੋਂ ਮਾਪੇ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ, ਜਿਸ ਨਾਲ ਬੁਢਾਪੇ ਵਿੱਚ ਉਹਨਾਂ ਦਾ ਸਹਾਰਾ ਬਣਨ ਵਾਲੇ ਬੱਚੇ ਉਹਨਾਂ ਤੋਂ ਦੂਰ ਕਮਾਈਆਂ ਕਰਨ ਵਿੱਚ ਰੁੱਝ ਜਾਂਦੇ ਹਨ। ਜੋ ਮਜਬੂਰੀਵੱਸ ਚਾਹ ਕੇ ਵੀ ਆਪਣੇ ਮਾਪਿਆਂ ਦੇ ਇਕੱਲੇਪਣ ਨੂੰ ਦੂਰ ਨਹੀਂ ਕਰ ਸਕਦੇ। ਫੋਨ ਕਾਲ ਜਾਂ ਵੀਡੀਓ ਕਾਲ ਰਾਹੀਂ ਹੁੰਦੀ ਗੱਲਬਾਤ ਵਿਛੋੜੇ ਦੇ ਮਾਪ ਨੂੰ ਪੂਰਾ ਨਹੀਂ ਕਰ ਸਕਦੀ। ਇਸ ਵਿਚ ਇਕੱਲੇ ਬੱਚੇ ਹੀ ਜ਼ਿੰਮੇਵਾਰ ਨਹੀਂ ਹਨ। ਸੈਂਕੜੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਦੇ ਹੋਏ ਵੀ ਮਾਪੇ ਆਪਣੀ ਇਕਲੌਤੀ ਔਲਾਦ ਨੂੰ ਵੀ ਬਾਹਰਲੇ ਮੁਲਕਾਂ ਵਿੱਚ ਭੇਜਣ 'ਤੇ ਬੇਜ਼ਿੱਦ ਰਹਿੰਦੇ ਹਨ। ਅੱਜ-ਕੱਲ੍ਹ ਦੀ ਨੌਜਵਾਨ ਪੀੜ੍ਹੀ ਦਾ ਵੀ ਇੱਕੋਂ ਇੱਕ ਸੁਪਨਾ ਬਾਹਰਲੇ ਮੁਲਕਾਂ ਵਿੱਚ ਜਾ ਕੇ ਕਮਾਈ ਕਰਨ ਦਾ ਹੈ। ਚਾਹੇ ਉਸ ਪਰਵਾਰ ਦੇ ਦੋ ਬੱਚੇ ਹਨ ਜਾਂ ਚਾਰ ਸਾਰੇ ਦੇ ਸਾਰੇ ਜਹਾਜ਼ੇ ਚੜ੍ਹਨ ਨੂੰ ਕਾਹਲੇ ਹਨ। ਜੇਕਰ ਅੱਜ-ਕੱਲ੍ਹ ਦੀ ਨੌਜਵਾਨ ਪੀੜ੍ਹੀ

1-DEC-PAGE-5.qxd 11/30/2022 9:26 PM Page 1

ਪਨਬੱਸ, ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਨੇ ਗੇਟ ਰੈਲੀਆਂ ਕਰਕੇ ਸਰਕਾਰ 'ਤੇ ਕੱਢੀ ਭੜਾਸ

ਪੰਜਾਬ ਰੋਡਵੇਜ਼/ਪੱਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਰੋਸ ਪ੍ਰਦਰਸ਼ਨ ਕਰਦੇ ਹੋਏ।

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਰੋਡਵੇਜ਼/ਪੱਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵਲੋਂ 27 ਡਿਪੂਆਂ ਦੇ ਗੇਟਾਂ 'ਤੇ ਗੇਟ ਰੈਲੀਆਂ ਕੀਤੀਆਂ ਗਈਆਂ। ਇਸ ਮੌਕੇ ਫਿਰੋਜ਼ਪੁਰ ਡਿਪੂ ਦੇ ਗੇਟ 'ਤੇ ਬੋਲਦਿਆਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਦੱਸਿਆ ਕਿ ਪਨਬੱਸ ਅਤੇ ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਪਿਛਲੇ ਲੰਮੇ ਸਮੇਂ ਤੋਂ ਲਮਕਦੀਆਂ ਆ ਰਹੀਆਂ ਹਨ। ਸਰਕਾਰ ਅਤੇ ਅਧਿਕਾਰੀਆਂ ਵਲੋਂ ਕੋਈ ਹੱਲ ਨਹੀਂ ਕੀਤਾ ਗਿਆ। ਪਨਬੱਸ ਅਤੇ ਪੀ ਆਰ ਟੀਸੀ ਦੇ ਕੰਟਰੈਕਟ ਅਤੇ ਆਊਟਸੋਰਸਿੰਗ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ ਆਊਟਸੋਰਸਿੰਗ ਮੁਲਾਜ਼ਮਾਂ ਦਾ ਜੀਐੱਸਟੀ ਅਤੇ ਕਮਿਸ਼ਨ ਦੇ ਰੂਪ ਵਿੱਚ 20-25 ਕਰੋੜ ਰੁਪਏ ਸਲਾਨਾ ਵਿਭਾਗਾਂ ਦੀ ਨਜਾਇਜ਼ ਲੁੱਟ ਠੇਕੇਦਾਰ ਕਾਰਨ ਹੋ ਰਹੀ ਹੈ ਦੂਜੇ ਪਾਸੇ ਮੁੱਖ ਮੰਤਰੀ ਪੰਜਾਬ ਦੇ ਬਿਆਨਾਂ ਦੇ ਉਲਟ ਪੀ ਆਰ ਟੀ ਸੀ ਵਿੱਚ ਅਤੇ ਹੁਣ ਪਨਬੱਸ ਵਿੱਚ ਆਊਟਸੋਰਸਿੰਗ ਤੇ ਨਜਾਇਜ਼ ਭਰਤੀ ਕੀਤੀ ਜਾ ਰਹੀ ਹੈ। ਪੀ ਆਰ ਟੀ ਸੀ ਵਿੱਚ ਪ੍ਰਾਈਵੇਟ ਮਾਲਕਾਂ ਦੀਆਂ ਕਿਲੋਮੀਟਰ ਸਕੀਮ ਤਹਿਤ ਬੱਸਾਂ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਨਾਂ ਦਾ ਪ੍ਰਤੀ ਮਹੀਨਾ 1 ਬੱਸ ਦਾ ਪ੍ਰਾਈਵੇਟ ਮਾਲਕਾਂ ਨੂੰ 1 ਲੱਖ ਤੋਂ ਡੇਢ ਲੱਖ ਰੁਪਏ ਤੱਕ ਲੁੱਟ ਕਰਾਉਣ ਦੀ ਤਿਆਰੀ ਹੈ ਅਤੇ ਫੇਰ ਬੱਸਾਂ ਛੇ ਸਾਲਾਂ ਵਿੱਚ ਪ੍ਰਾਈਵੇਟ ਮਾਲਕਾਂ ਦੀਆਂ ਹੋ ਜਾਣਗੀਆਂ ਅਤੇ ਕਰੀਬ ਕਰੀਬ 1 ਬੱਸ 80-85 ਲੱਖ ਰੁਪਏ ਵੀ ਵਿਭਾਗ ਪਾਸੋਂ ਲੈ ਜਾਉਗੀ। ਇਹ ਪ੍ਰਾਈਵੇਟ ਮਾਲਕਾਂ ਦੀਆਂ ਕਿਲੋਮੀਟਰ ਸਕੀਮ ਬੱਸਾਂ ਰਾਹੀਂ ਵਿਭਾਗ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਆਦਿ ਮੰਗਾਂ ਨੂੰ ਲੈ ਕੇ ਯੂਨੀਅਨ ਲਗਾਤਾਰ ਸੰਘਰਸ਼ ਕਰ ਰਹੀ ਹੈ ਅਤੇ ਇਹਨਾਂ ਕਾਰਨਾਂ ਕਰਕੇ ਵਰਕਰਾਂ ਦੀਆਂ ਨਜਾਇਜ਼ ਰਿਪੋਰਟਾਂ ਕੀਤੀਆਂ ਜਾ ਰਹੀਆਂ ਹਨ ਅਤੇ ਅਫ਼ਸਰਸ਼ਾਹੀ ਅਤੇ ਸਰਕਾਰ ਯੂਨੀਅਨ ਦੇ ਨੁਮਾਇੰਦਿਆਂ ਅਤੇ ਵਰਕਰਾਂ ਨਾਲ ਧੱਕੇਸ਼ਾਹੀ ਕਰ ਰਹੀ। ਰਾਜਿੰਦਰ ਸਿੰਘ, ਰਾਜ ਕੁਮਾਰ, ਮੁੱਖਪਾਲ ਸਿੰਘ, ਕੰਵਲਜੀਤ ਸਿੰਘ ਨੇ ਕਿਹਾ ਕਿ ਵਧੀਕ ਪ੍ਰਮੁੱਖ ਸਕੱਤਰ ਮੁੱਖ ਮੰਤਰੀ ਪੰਜਾਬ ਹਿਮਾਂਸ਼ੂ ਜੈਨ ਨਾਲ 14 ਨਵੰਬਰ ਨੂੰ ਮੀਟਿੰਗ ਹੋਈ ਸੀ, ਜਿਸ ਵਿੱਚ ਵਰਕਰਾਂ ਨਾਲ ਹੋਈਆਂ ਧੱਕੇਸ਼ਾਹੀਆਂ ਦਾ ਹੱਲ 7 ਦਿਨ ਅੰਦਰ ਅੰਦਰ ਕਰਨ ਦਾ ਲਿਖਤੀ ਭਰੋਸਾ ਦਿੱਤਾ ਗਿਆ ਸੀ ਨਾਲ ਹੀ ਰਹਿੰਦੀਆ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਸੀ ਪ੍ਰੰਤੂ ਅੱਜ 16 ਦਿਨ ਬੀਤ ਜਾਣ ਦੇ ਬਾਵਜੂਦ ਮਨੇਜਮੈਂਟ ਵੱਲੋਂ ਵਰਕਰਾਂ ਨਾਲ ਹੋਈਆਂ ਧੱਕੇਸ਼ਾਹੀਆਂ ਜਿਸ ਵਿੱਚ ਫਿਰੋਜ਼ਪੁਰ ਡਿਪੂ ਦੇ ਵਰਕਰਾਂ ਦੀਆਂ ਬਦਲੀਆਂ ਫਿਰੋਜ਼ਪੁਰ ਤੋਂ ਪੱਟੀ ਰੱਦ ਕਰਨ, ਅਤੇ ਬਟਾਲੇ ਡਿਪੂ ਦੇ ਕੰਡਕਟਰ ਦੀ ਨਜਾਇਜ਼ ਰਿਪੋਰਟ ਦੀ ਇੰਕੁਆਰੀ 3 ਦਿਨ ਅੰਦਰ ਆਊਟ ਰੂਟ ਕਰਨਾ ਸੀ, ਹੁਣ ਤੱਕ ਕੋਈ ਵੀ ਹੱਲ ਨਹੀਂ ਕੱਢਿਆ ਗਿਆ। ਮਨੇਜਮੈਂਟ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ ਨਾ ਹੀ ਰਹਿੰਦੀਆਂ ਮੰਗਾਂ ਦਾ ਕੋਈ ਹੱਲ ਕੱਢਿਆ ਜਾ ਰਿਹਾ ਹੈ। ਮਨੇਜਮੈਂਟ ਵਲੋਂ ਵਧੀਕ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ ਦੇ ਲਿਖਤੀ ਪੱਤਰ ਦੇ ਬਾਵਜੂਦ ਕੋਈ ਹੱਲ ਨਾ ਕੱਢਣਾ ਇਹ ਸਿੱਧ ਕਰਦਾ ਹੈ ਕਿ ਟਰਾਂਸਪੋਰਟ ਵਿਭਾਗ ਦੇ ਉੱਚ ਅਧਿਕਾਰੀ ਜਾਣਬੁੱਝ ਕੇ ਮੰਗਾਂ ਦੇ ਹੱਲ ਨਹੀਂ ਕੱਢਣਾ ਚਾਹੁੰਦੇ ਅਤੇ ਯੂਨੀਅਨ ਨੂੰ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਕਰ ਰਹੇ ਹਨ ਅਤੇ ਮੈਨੇਜਮੈਂਟ ਸਰਕਾਰ ਦੀ ਬਦਨਾਮੀ ਤੇ ਪਬਲਿਕ ਨੂੰ ਹਰਾਸਮੈਂਟ ਕਰਵਾਉਣ ਚਾਹੁੰਦੀ ਹੈ। ਯੂਨੀਅਨ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦਿਆਂ ਹੜਤਾਲ ਨੂੰ ਪੋਸਟਪੌਨ ਕੀਤੀ ਸੀ ਪ੍ਰੰਤੂ ਮੁੱਖ ਮੰਤਰੀ ਪੰਜਾਬ ਦੇ ਦਫਤਰ ਵਿੱਚ ਕੀਤੇ ਫੈਸਲੇ ਨੂੰ ਵੀ ਮਹਿਕਮਾ ਲਾਗੂ ਨਹੀਂ ਕਰ ਰਿਹਾ, ਜਿਸ ਕਾਰਨ ਯੂਨੀਅਨ ਵੱਲੋਂ ਅੱਜ ਸਮੂਹ ਡਿਪੂਆਂ ਅੱਗੇ ਗੇਟ ਰੈਲੀਆਂ ਕਰਕੇ ਅਗਲੇ ਸੰਘਰਸ਼ਾਂ ਲਈ ਵਰਕਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਅਤੇ ਸਮਾਂ ਆਉਣ ਤੇ ਸਰਕਾਰ ਅਤੇ ਅਧਿਕਾਰੀਆਂ ਦੀਆਂ ਵਧੀਕੀਆਂ ਕਾਰਨ ਪੋਸਟਪੌਨ ਕੀਤੀ ਹੜਤਾਲ ਨੂੰ ਕਰਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਮੈਨੇਜਮੈਂਟ ਦੀ ਹੋਵੇਗੀ।

ਇਨਸਾਫ ਪ੍ਰਾਪਤੀ ਲਈ ਸਿਹਤ ਤੇ ਪਰਵਾਰ ਭਲਾਈ ਮੰਤਰੀ ਜੌੜੇਮਾਜਰਾ ਦੇ ਹਲਕੇ 'ਚ ਰੋਸ ਮੁਜ਼ਾਹਰਾ ਕਰਨ ਦਾ ਐਲਾਨ

ਸੰਗਰੂਰ (ਪ੍ਰਵੀਨ ਸਿੰਘ)-ਅੱਜ ਇੱਥੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਸਿਵਲ ਸਰਜਨ ਸੰਗਰੂਰ ਦੀਆਂ ਝੂਠੀਆਂ ਸ਼ਿਕਾਇਤਾਂ ਦੇ ਅਧਾਰਤ ਤੇ ਪਹਿਲਾਂ ਸੀਨੀ: ਸਹਾਇਕ ਕੰਵਰਜੀਤ ਸਿੰਘ ਜੋ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਸੰਗਰੂਰ ਦੇ ਜਨਰਲ ਸਕੱਤਰ ਹਨ, ਦੀ ਬਦਲੀ ਬਿਨਾਂ ਕੋਈ ਪੜਤਾਲ ਜਾਂ ਕਰਮਚਾਰੀ ਦਾ ਪੱਖ ਸੁਣਨ 'ਤੇ ਸੰਗਰੂਰ ਤੋਂ ਫਾਜ਼ਿਲਕਾ ਜ਼ਿਲੇ ਦੀ ਕਰ ਦਿੱਤੀ ਸੀ, ਹੁਣ ਰਣਜੀਤ ਸਿੰਘ (ਕਲਰਕ) ਜੋ ਫੈਡਰੇਸ਼ਨ ਦਾ ਜ਼ਿਲ੍ਹਾ ਆਗੂ ਹੈ, ਨੂੰ ਸੰਗਰੂਰ ਤੋਂ ਨਵਾਂਸ਼ਹਿਰ ਬਦਲ ਦਿੱਤਾ ਹੈ, ਕੁੱਝ ਹੋਰ ਮੁਲਾਜ਼ਮਾਂ ਨੂੰ ਝੂਠੀਆਂ, ਬੇਨਾਮੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਥੇ ਇਹ ਵੀ ਧਿਆਨ ਯੋਗ ਹੈ ਇਹ ਸਾਰੇ ਮੁਲਾਜ਼ਮ ਆਗੂ ਅਨੁਸੂਚਿਤ ਜਾਤੀ ਨਾਲ ਸੰਬੰਧਤ ਹਨ, ਡਾਇਰੈਕਟਰ ਸਿਹਤ ਵੱਲੋਂ ਗਲਤ ਬਦਲੀ ਰੱਦ ਕਰਨ ਦੀ ਬਜਾਏ ਫਾਜ਼ਿਲਕਾ ਤੋਂ ਮਾਲੇਰਕੋਟਲਾ ਵਾਪਸ ਕੀਤੀ ਗਈ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਚੇਅਰਮੈਨ ਰਣਬੀਰ ਢਿੱਲੋਂ,ਅਡੀ:ਜਨਰਲ ਸਕੱਤਰ ਕਰਤਾਰ ਸਿੰਘ ਪਾਲ, ਸੀਨੀ:ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਵਾਈਸ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ ਅਤੇ ਚੰਦਨ ਸਿੰਘ (ਪ੍ਰਧਾਨ ਖੇਡ ਵਿਭਾਗ)ਹਰਵਿੰਦਰ ਸਿੰਘ ਰੌਣੀ ਪ੍ਰਧਾਨ ਐਸ ਸੀ,ਬੀ ਸੀ ਇੰਪਲਾਈਜ਼ ਫੈਡਰੇਸ਼ਨ, ਕ੍ਰਿਸ਼ਨ ਪ੍ਰਸਾਦਿ ਚੰਡੀਗੜ੍ਹ (ਹੈਲਥ) ਅਤੇ ਪਰੇਮ ਕੁਮਾਰ ਮੁਹਾਲੀ, ਰਣਦੀਪ ਸਿੰਘ ਕੋ-ਕਨਵੀਨਰ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਅਤੇ ਜ਼ਿਲ੍ਹਾ ਫੈਡਰੇਸ਼ਨ ਸੰਗਰੂਰ ਦੇ ਪ੍ਰਧਾਨ ਸੀਤਾ ਰਾਮ ਸ਼ਰਮਾ, ਰਮੇਸ਼ ਕੁਮਾਰ, ਹੰਸਰਾਜ ਦੀਦਾਰਗੜ੍ਹ, ਸੱਤਪਾਲ ਮੌੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਵੱਲੋਂ ਮੁਲਾਜ਼ਮਾਂ ਦੀ ਮੰਗਾਂ ਸੰਬੰਧੀ ਜਥੇਬੰਦੀ ਨੂੰ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ ਉਲਟਾ ਯੂਨੀਅਨ (ਫੈਡਰਸ਼ਨ) ਆਗੂਆਂ ਨੂੰ ਪ੍ਰੇਸ਼ਾਨ ਕਰਨ ਲਈ ਦੂਰ-ਦੁਰਾਡੇ ਜ਼ਿਲ੍ਹਿਆਂ ਵਿੱਚ ਤਬਦੀਲ ਕੀਤਾ ਜਾ ਰਿਹਾ , ਰੈਗੂਲਰ ਦਰਜਾ-3 ਅਤੇ 4 ਮੁਲਾਜ਼ਮਾਂ ਅਤੇ ਠੇਕਾ,ਆਊਟਸੋਰਸ ਕਰਮੀਆਂ ਦੀਆਂ ਮੰਗਾਂ, ਮੁਸ਼ਕਲਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਮੰਗਾਂ ਦਾ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਸੀ ਕਿ ਮੰਗਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਕੀਤਾ ਜਾਵੇ, ਮੰਗਾਂ ਦਾ ਨਿਪਟਾਰਾ ਨਾ ਹੋਣ 'ਤੇ ਅੱਜ ਇਥੇ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਦੇ ਸਥਿਤ ਦਫਤਰ ਸੈਕਟਰ-34 ਚੰਡੀਗੜ੍ਹ ਵਿਖੇ ਕਾਲੇ ਚੋਲੇ ਪਾ ਕੇ 151 ਮੈਂਬਰੀ ਨੁਮਾਇੰਦਾ ਰੋਸ ਧਰਨਾ ਦਿੱਤਾ ਗਿਆ ਅਤੇ ਰੈਲੀ ਕੀਤੀ।

ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਦੀ ਪਾਲਣਾ ਕਰਨ ਸੰਬੰਧੀ,ਮਿਤੀ 01/07/2022 ਰਾਹੀਂ ਕੀਤੀਆਂ ਹਦਾਇਤਾਂ ਨੂੰ ਵੀ ਅਣਗੌਲਿਆਂ ਕੀਤਾ ਜਾ ਰਿਹਾ , ਲੰਮੇ ਅਰਸੇ ਤੋਂ ਆਊਟਸੋਰਸ ਅਧੀਨ ਡਿਊਟੀ ਕਰਦੇ ਸਫਾਈ ਸੇਵਕਾਂ ਦਾ ਠੇਕੇਦਾਰਾਂ ਵੱਲੋਂ ਤੁੱਛ ਤਨਖਾਹਾਂ ਦੇ ਕੇ ਆਰਥਿਕ ਸ਼ੋਸ਼ਣ ਜਾਰੀ ਹੈ। ਯੋਗਤਾ ਪੂਰੀ ਕਰਦੇ ਦਰਜਾਚਾਰ ਸਮੇਤ ਸਮੂਹ ਕੈਟਾਗਿਰੀ ਦੇ ਮੁਲਾਜ਼ਮਾਂ ਨੂੰ ਪਦਉੱਨਤ ਨਹੀਂ ਕੀਤਾ ਜਾ ਰਿਹਾ। ਸਿਵਲ ਸਰਜਨ ਦਫਤਰਾਂ ਚ ਸੇਵਾਦਾਰਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ, ਠੇਕਾ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਦਰਜਾਚਾਰ ਮੁਲਾਜ਼ਮਾਂ ਦਾ ਰਹਿੰਦਾ ਟਾਇਪ ਟੈਸਟ ਲਿਆ ਜਾਵੇ, ਟੀ ਏ ਬਿੱਲਾਂ ਦੀ ਅਦਾਇਗੀ ਤੁਰੰਤ ਕੀਤੀ ਜਾਵੇ, ਜੀ ਪੀ ਐਫ ਦੀਆਂ ਸਟੇਟਮੈਂਟਾਂ ਜਾਰੀ ਕੀਤੀਆਂ ਜਾਣ, ਲੈਬੋਰਟਰੀ ਟੈਕਨੀਸ਼ਨ ਦਾ ਕੋਰਸ ਸ਼ੁਰੂ ਕੀਤਾ ਜਾਵੇ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਅਤੇ ਅਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ ਨੇ ਦੱਸਿਆ ਕਿ ਚਲਦੇ ਧਰਨੇ ਦੌਰਾਨ ਹੀ ਡਾ. ਰਣਜੀਤ ਸਿੰਘ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੇ ਸੱਦ ਕੇ ਡੈਪੂਟੇਸ਼ਨ ਨੂੰ ਭਰੋਸਾ ਦੁਆਇਆ ਕਿ 21 ਦਸੰਬਰ ਨੂੰ ਜਥੇਬੰਦੀ ਨਾਲ ਮੀਟਿੰਗ ਕਰਕੇ ਮੰਗਾਂ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ। ਆਗੂਆਂ ਐਲਾਨ ਕੀਤਾ ਕਿ ਜੇਕਰ ਜਲਦੀ ਜਥੇਬੰਦੀ ਨਾਲ ਮੀਟਿੰਗ ਕਰਕੇ ਮੰਗਾਂ ਦਾ ਨਿਪਟਾਰਾ ਨਾ ਕੀਤਾ ਅਤੇ ਨਜਾਇਜ਼ ਬਦਲੀਆਂ ਰੱਦ ਨਾ ਕੀਤੀਆਂ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

ਅਗਲੇ ਪੜਾਅ ਵਜੋਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਦੇ ਵਿਧਾਨ ਸਭਾ ਹਲਕਾ ਸਮਾਣਾ ਵਿਖੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।

ਕਾਤਰਾਂ

ਇੱਕ ਕਿਲੋ ਅਫੀਮ ਸਮੇਤ 2 ਨੂੰ ਕੀਤਾ ਕਾਬੂ

ਨਾਭਾ (ਵਰਿੰਦਰ ਵਰਮਾ)- ਪਟਿਆਲਾ ਦੇ ਐਸ. ਐਸ.ਪੀ ਵਰੁਣ ਸ਼ਰਮਾ ਦੀਆਂ ਸਖਤ ਹਦਾਇਤਾਂ ਤੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਦੇ ਤਹਿਤ ਨਾਭਾ ਕੋਤਵਾਲੀ ਪੁਲਸ ਨੇ 2 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਇੱਕ ਕਿਲੋ ਅਫੀਮ ਸਮੇਤ ਕਾਬੂ ਕੀਤੇ। ਥਾਣਾ ਕੋਤਵਾਲੀ ਐਸ.ਐਚ.ਓ ਹੈਰੀ ਬੋਪਾਰਾਏ ਅਨੁਸਾਰ ਮੈਹਸ ਗੇਟ ਨਾਕਾ ਲਗਾਇਆ ਹੋਇਆ ਸੀ ਤਾਂ ਇਤਲਾਹ ਮਿਲੀ ਕਿ 2 ਵਿਅਕਤੀ ਤੁਰ ਫਿਰ ਕੇ ਅਫੀਮ ਵੇਚ ਰਹੇ ਹਨ ਤਾਂ ਪੁਲਸ ਵਲੋਂ ਰੇਡ ਕਰਨ 'ਤੇ ਉਨ੍ਹਾਂ ਕੋਲੋਂ ਇਕ ਕਿਲੋ ਅਫੀਮ ਬਰਾਮਦ ਹੋਈ। ਪੁਲਸ ਨੇ ਦੋਸੀਆਂ ਤੇਜਪਾਲ ਪੁੱਤਰ ਹਰੀ ਸ਼ੰਕਰ ਅਤੇ ਹਰੀਸ਼ੰਕਰ ਪੁਤਰ ਛਦੱਮੀ ਲਾਲ ਵਾਸੀ ਜ਼ਿਲ੍ਹਾ ਬਰੇਲੀ ਯੂ ਪੀ ਹਾਲ ਕਿਰਾਏਦਾਰ ਬਿਸ਼ਨ ਨਗਰ ਪਟਿਆਲਾ ਖਿਲਾਫ ਮਾਮਲਾ ਨੰਬਰ 140 ਧਾਰਾ 18/61/85 ਐਨ.ਡੀ.ਪੀ.ਐਸ ਐਕਟ ਦੇ ਤਹਿਤ ਮੁਕਦਮਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

ਕੁੱਟਮਾਰ ਦੇ 7 ਦੋਸ਼ੀਆਂ ਖਿਲਾਫ ਪਰਚਾ ਦਰਜ

ਜਲਾਲਾਬਾਦ (ਦਹੂਜਾ)-ਥਾਣਾ ਸਿਟੀ ਪੁਲਸ ਨੇ ਕੁੱਟਮਾਰ ਦੇ 7 ਆਰੋਪੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਜਗਦੀਸ਼ ਲਾਲ ਨੇ ਦੱਸਿਆ ਕਿ ਗੁਰਮੁਖ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਧੈਰੇਕੇ ਉਤਾੜ ਗੁਰੂਹਰਸਹਾਏ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 23 ਨਵੰਬਰ ਨੂੰ ਬਾਅਦ ਦੁਪਹਿਰ 3 ਵਜੇ ਸੇਵਕ ਸਿੰਘ ਢਿੱਲੋਂ ਪੁੱਤਰ ਸੁਰਜੀਤ ਸਿੰਘ ਵਾਸੀ ਜੰਡਵਾਲਾ, ਅਰਵਿੰਦਰ ਸੋਢੀ ਪੁੱਤਰ ਗੁਰਵਿੰਦਰ ਸਿੰਘ ਵਾਸੀ ਟਿੱਲੂ ਅਰਾਈ ਗੁਰੂਹਰਸਹਾਏ, ਅਰੁਣ ਕੰਬੋਜ ਪੁੱਤਰ ਭਗਵਾਨ ਦਾਸ ਵਾਸੀ ਧੈਰੇਕੇ ਗੁਰੂਹਰਸਹਾਏ, ਹਰਮਨ ਸਿੰਘ ਵਾਸੀ ਬੁਆਏ ਸਕੂਲ ਜਲਾਲਾਬਾਦ, ਕਮਲ ਵਾਸੀ ਮਿੱਡਾ ਜਲਾਲਾਬਾਦ, ਬਿੱਟੂ ਵਣਵਾਲਾ ਅਤੇ ਇੱਕ ਅਣਪਛਾਤੇ ਵਿਅਕਤੀ ਨੇ ਸ਼ਹੀਦ ਊਧਮ ਸਿੰਘ ਪਾਰਕ ਜਲਾਲਾਬਾਦ ਵਿੱਚ ਉਸ ਦੀ ਮਾਰਕੁੱਟ ਕਰਦੇ ਹੋਏ ਦੇਸੀ ਕੱਟਾ ਪਿਸਤੌਲ ਦਾ ਇਸਤੇਮਾਲ ਕਰਦੇ ਹੋਏ ਮੌਕੇ ਵਾਲੀ ਜਗ੍ਹਾ 'ਤੇ ਫਾਇਰ ਕੀਤੇ ਗਏ ਅਤੇ ਗੁਰਮੁਖ ਸਿੰਘ ਦੀ ਮਾਰਕੁੱਟ ਕੀਤੀ। ਪੁਲਸ ਨੇ ਆਰੋਪੀਆਂ ਖਿਲਾਫ਼ 323, 324, 336, 148, 149 ਅਤੇ 25, 27 ਅਸਲਾ ਐਕਟ ਅਧੀਨ ਪਰਚਾ ਦਰਜ ਕਰ ਲਿਆ ਹੈ।

ਬੁਢਲਾਡਾ ਵਿਖੇ ਰੋਜ਼ਗਾਰ ਕੈਂਪ

ਬੁਢਲਾਡਾ (ਅਸ਼ੋਕ ਲਾਕੜਾ)-ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਬੁਢਲਾਡਾ ਵਿਖੇ 01 ਦਸੰਬਰ, ਨੂੰ ਸੱਤਿਆ ਮਾਈਕਰੋ ਕੈਪੀਟਲ ਲਿਮਟਡ ਵੱਲੋਂ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿਚ ਘੱਟੋ ਘੱਟ ਯੋਗਤਾ 12ਵੀਂ ਪਾਸ ਲੜਕੇ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ ਸੀਮਾ 18 ਤੋਂ 35 ਸਾਲ ਤੱਕ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿਚ ਸਿਰਫ ਬੁਢ

page-6-1-(DEC)-2022-G-(BV).qxd 11/30/2022 10:28 PM Page 1

'ਅੰਬੇਡਕਰ ਨੈਸ਼ਨਲ ਐਕਸੀਲੈਂਟ ਸੋਸ਼ਲ ਸਰਵਿਸ ਐਵਾਰਡ-2022' ਸਨਮਾਨ ਸਮਾਰੋਹ

ਅੰਮ੍ਰਿਤਸਰ (ਪ ਪ)-ਅੰਬੇਡਕਰ ਗਲੋਬਲ ਫਾਊਂਡੇਸ਼ਨ ਦਿੱਲੀ ਵੱਲੋਂ ਮੁਨੀਸ਼ ਸ਼ੰਕਰਰਾਓ ਗਵਈ ਦੀ ਅਗਵਾਈ 'ਚ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਨੈਸ਼ਨਲ ਐਕਸੀਲੈਂਟ ਸੋਸ਼ਲ ਸਰਵਿਸ ਐਵਾਰਡ - 2022 ਦਾ ਆਯੋਜਨ ਦਿੱਲੀ 'ਚ ਮਹਾਰਾਸ਼ਟਰਾ ਨਿਊ ਸਦਨ 'ਚ ਆਯੋਜਿਤ ਕੀਤਾ ਗਿਆ ਜਿਸ 'ਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਚੁਣੇ ਗਏ ਐਵਾਰਡੀਆਂ ਨੂੰ ਸਨਮਾਨ ਦਿੱਤਾ ਗਿਆ ਜਿਸ 'ਚ ਪੰਜਾਬ ਵੱਲੋਂ ਮਾਨਵਾਧਿਕਾਰ ਵੈੱਲਫੇਅਰ ਸੋਸਾਇਟੀ ਪੰਜਾਬ ਰਜਿ: ਦੇ ਤਿਨ ਮੈਂਬਰਾਂ ਨੂੰ ਸਮਾਜ ਪ੍ਰਤੀ ਵਧੀਆ ਸੇਵਾਵਾਂ ਨੂੰ ਵੇਖਦੇ ਹੋਏ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਨੈਸ਼ਨਲ ਐਕਸੀਲੈਂਟ ਸੋਸ਼ਲ ਸਰਵਿਸ ਐਵਾਰਡ -2022 ਨਾਲ ਨਿਵਾਜਿਆ ਗਿਆ ਜਿਸ 'ਚ ਪਹਿਲੇ ਨੰਬਰ 'ਤੇ ਮਾਨਵਾਧਿਕਾਰ ਵੈੱਲਫੇਅਰ ਸੋਸਾਇਟੀ ਪੰਜਾਬ ਰਜਿ: ਦੇ ਰਾਸ਼ਟਰੀ ਪ੍ਰਧਾਨ ਕਮਲ ਕਿਸ਼ੋਰ ਪਹਿਲਵਾਨ ਅਤੇ ਮਹਿਲਾ ਯੂਥ ਪੰਜਾਬ ਦੀ ਪ੍ਰਧਾਨ ਮੁਸਕਾਨ ਚੌਹਾਨ ਅਤੇ ਮਾਨਵਾਧਿਕਾਰ ਵੈੱਲਫੇਅਰ ਸੋਸਾਇਟੀ ਪੰਜਾਬ ਰਜਿ: ਹਰਿਆਣਾ ਯੂਥ ਦੇ ਪ੍ਰਧਾਨ ਬ੍ਰਜੇਸ਼ ਕੁਮਾਰ ਨੂੰ ਸਨਮਾਨ ਦਿੱਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਮੋਨਟੈਨਗ੍ਰੋ ਡਾ. ਜੈਨਿਸ ਦਰਬਾਰੀ ਅਤੇ ਪੰਜਾਬ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਤੋਂ ਇਲਾਵਾ ਕਈ ਹਸਤੀਆਂ ਨੇ ਸਭ ਨੂੰ ਅਸ਼ੀਰਵਾਦ ਦਿੱਤਾ। ਇਹ ਐਵਾਰਡ ਕਮਲ ਕਿਸ਼ੋਰ ਅਤੇ ਉਨ੍ਹਾਂ ਦੀ ਟੀਮ ਨੂੰ ਸਮਾਜਿਕ ਸੇਵਾਵਾਂ, ਧਾਰਮਿਕ ਸੇਵਾਵਾਂ, ਮੈਡੀਕਲ ਕੈਂਪ, ਕੋਵਿਡ 19 'ਚ ਸੇਵਾਵਾਂ, ਬਲੱਡ ਬੈਂਕ, ਗਰੀਬ ਲੜਕੀਆਂ ਦੇ ਵਿਆਹ 'ਤੇ ਮਦਦ ਕਰਨਾ, ਸਕੂਲੀ ਬੱਚਿਆਂ ਦੀ ਪੜ੍ਹਾਈ 'ਚ ਮਦਦ ਕਰਨਾ, ਲਾਚਾਰ ਬਿਮਾਰਾਂ ਦਾ ਫ੍ਰੀ ਇਲਾਜ ਕਰਵਾਉਣ ਦੇ ਮੱਦੇਨਜ਼ਰ ਦਿੱਤਾ ਗਿਆ। ਇਸ ਮੌਕੇ 'ਤੇ ਕਮਲ ਕਿਸ਼ੋਰ ਨੇ ਕਿਹਾ ਕਿ ਸਾਰੀ ਟੀਮ ਦੀ ਮਿਹਨਤ ਸਦਕਾ ਇਹ ਐਵਾਰਡ ਮਿਲਿਆ ਹੈ ਅਤੇ ਸਾਰਿਆਂ ਲਈ ਪ੍ਰੇਰਨਾ ਦਾ ਸੋਮਾ ਵੀ ਬਣੇਗਾ ।

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਮੋਹਾਲੀ ਕਰਵਾਏਗੀ ਐੱਨ ਡੀ ਏ ਦੀ ਮੁਫ਼ਤ ਤਿਆਰੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਐਨ. ਡੀ. ਏ. ਵਿੱਚ ਸ਼ਾਮਲ ਹੋਣ ਦੇ ਚਾਹਵਾਨ ਨੌਜਵਾਨਾਂ ਲਈ ਪੰਜਾਬ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਵਿੱਚ 13ਵੇਂ ਕੋਰਸ ਲਈ ਦਾਖਲਾ ਪ੍ਰੀਖਿਆ ਲਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਇਸ ਦਾਖਲਾ ਪ੍ਰੀਖਿਆ ਲਈ ਯੋਗਤਾ, ਸਿਰਫ ਲੜਕੇ ਜੋ ਕਿ ਪੰਜਾਬ ਦੇ ਵਸਨੀਕ ਹੋਣ, ਜਨਮ ਮਿਤੀ 02 ਜੁਲਾਈ 2006 ਤੋਂ ਪਹਿਲਾਂ ਨਾ ਹੋਵੇ, 10ਵੀਂ ਜਮਾਤ ਵਿੱਚ ਪੜ੍ਹਦੇ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ 11ਵੀਂ ਜਮਾਤ ਵਿੱਚ ਪੜ੍ਹ ਰਹੇ ਨੌਜਵਾਨ ਜੋ ਉਮਰ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ ਵੀ ਦਾਖਲਾ ਪ੍ਰੀਖਿਆ ਲਈ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟੈਸਟ ਉਪਰੰਤ ਐੱਨ. ਡੀ. ਏ. ਦੀ ਤਿਆਰੀ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਮੋਹਾਲੀ ਦੇ ਸਭ ਤੋਂ ਵਧੀਆ ਸਕੂਲਾਂ ਵਿੱਚੋਂ ਇੱਕ ਵਿੱਚ 11ਵੀਂ ਅਤੇ 12ਵੀ ਜਮਾਤਾਂ ਦੀ ਸਿੱਖਿਆ ਦਿੱਤੀ ਜਾਵੇਗੀ। ਉਨ੍ਹਾਂ ਨੇ ਅੱਗੇ ਦੱਸਿਆ ਕਿ ਵਿਦਿਆਰਥੀਆਂ ਨੂੰ ਇਹ ਸਾਰੀ ਟ੍ਰੇਨਿੰਗ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਮੋਹਾਲੀ ਵਲੋਂ ਮੁਫ਼ਤ ਵਿੱਚ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਸੰਸਥਾ ਵਿੱਚ ਹੀ ਮੁਫਤ ਬੋਰਡਿੰਗ, ਹੋਸਟਲ ਅਤੇ ਮੈੱਸ ਦੀ ਸੁਵਿਧਾ ਦਿੱਤੀ ਜਾਵੇਗੀ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਕਿਹਾ ਕਿ ਚਾਹਵਾਨ ਪ੍ਰਾਰਥੀ ਲਿਖਤੀ ਟੈਸਟ ਲਈ 1 ਦਸੰਬਰ 2022 ਤੋਂ 05 ਜਨਵਰੀ 2023 ਤੱਕ ਇਸ ਵੈੱਬਸਾਈਟ http://recruitment-portal.in ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਵਿਦਿਆਰਥੀ ਸੰਸਥਾ ਦੀ ਵੈੱਬਸਾਈਟ https://afpipunjab.org ਅਤੇ ਟੈਲੀਫੋਨ ਨੰਬਰ 0172-2219707 ਜਾਂ ਮੋਬਾਇਲ ਨੰ: 9041006305 ਸਵੇਰੇ 9:00 ਤੋਂ ਸ਼ਾਮ 5:00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਪ੍ਰਾਰਥੀ ਇਸ ਦਾਖਲਾ ਪ੍ਰੀਖਿਆ ਸਬੰਧੀ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਬੀ, ਕਮਰਾ ਨੰ: 217 ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਵੀ ਲੈ ਸਕਦੇ ਹਨ।

ਨੂਰਪੁਰ ਬੇਦੀ 'ਚ ਜਨ ਸੁਣਵਾਈ ਕੈਂਪ ਅੱਜ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ) ਆਮ ਲੋਕਾਂ ਦੀਆਂ ਮੁਸ਼ਕਿਲਾ/ ਸਮੱਸਿਆਵਾਂ ਦਾ ਨਿਯਮਾਂ ਅਨੁਸਾਰ ਉਨ੍ਹਾਂ ਦੇ ਘਰਾਂ ਦੇ ਨੇੜੇ ਕੈਂਪ ਲਗਾ ਕੇ ਨਿਪਟਾਰਾ ਕਰਨ ਲਈ ਵਿਸ਼ੇਸ਼ ਜਨ ਸੁਣਵਾਈ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। 1 ਦਸੰਬਰ ਨੂੰ ਨੂਰਪੁਰ ਬੇਦੀ ਵਿੱਚ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਵਿੱਚ ਲਗਾਏ ਜਾ ਰਹੇ ਵਿਸ਼ੇਸ਼ ਕੈਂਪ ਵਿੱਚ ਬਜਰੂੜ, ਅਬਿਆਣਾ, ਸਰਥਲੀ ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕੀਤੀਆ ਜਾਣਗੀਆਂ। ਮਨੀਸ਼ਾ ਰਾਣਾ ਆਈ.ਏ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸਮੱਸਿਆਵਾ ਉਨ੍ਹਾਂ ਦੇ ਘਰਾਂ ਦੇ ਨੇੜੇ ਕੈਂਪ ਲਗਾ ਕੇ ਹੱਲ ਕਰਨ ਲਈ ਹਦਾਇਤ ਕੀਤੀ ਗਈ ਹੈ। ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਆਈ.ਏ.ਐਸ ਦੀ ਅਗਵਾਈ ਵਿੱਚ ਜਿਲ੍ਹਾਂ ਪ੍ਰਸ਼ਾਸ਼ਨ ਵੱਲੋਂ ਵੱਖ ਵੱਖ ਉਪ ਮੰਡਲਾਂ ਵਿਚ ਇਹ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿਚ ਜਿਲ੍ਹਾ ਪੱਧਰ 'ਤੇ ਅਧਿਕਾਰੀ ਲੋਕਾਂ ਦੀਆਂ ਮੁਸ਼ਕਿਲਾ ਸੁਣ ਕੇ ਨਿਯਮਾ ਅਨੁਸਾਰ ਮੌਕੇ 'ਤੇ ਜਾਂ ਸਮਾਬੱਧ ਹੱਲ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਉਪ ਮੰਡਲ ਪੱਧਰ 'ਤੇ ਉਪ ਮੰਡਲ ਦੇ ਅਧਿਕਾਰੀ ਵੱਖਰੇ ਤੌਰ 'ਤੇ ਅਜਿਹੇ ਕੈਂਪ ਲਗਾ ਰਹੇ ਹਨ। ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਇਹ ਸਹੂਲਤ ਦੇਣ ਦਾ ਉਪਰਾਲਾ ਕੀਤਾ ਹੈ। ਇਹ ਕੈਂਪ ਆਮ ਲੋਕਾਂ ਨੂੰ ਜਿਲ੍ਹਾ ਹੈਡ ਕੁਆਰਟਰ ਤੇ ਆਉਣ ਜਾਣ ਦੀ ਖੱਜਲ ਖੁਆਰੀ ਦੂਰ ਕਰਨ ਵਿੱਚ ਵੀ ਸਹਾਈ ਸਿੱਧ ਹੋ ਰਹੇ ਹਨ, ਇਸ ਨਾਲ ਲੋਕਾਂ ਦੇ ਸਮੇਂ ਦੀ ਵੀ ਬੱਚਤ ਹੋ ਰਹੀ ਹੈ। ਐਸ.ਡੀ.ਐਮ ਨੇ ਦੱਸਿਆ ਕਿ ਨੂਰਪੁਰ ਬੇਦੀ ਵਿੱਚ ਇਹ ਕੈਂਪ 1 ਦਸੰਬਰ ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਤੋ 12 ਵਜੇ ਤੱਕ ਬਜਰੂੜ ਦੇ ਖੇਡ ਗਰਾਊਡ ਵਿੱਚ ਲਗਾਇਆ ਜਾਵੇਗਾ।

ਪਬਲਿਕ ਨੋਟਿਸ

ਗਰੇਨ ਸ਼ਾਪ ਨੰ: 20, ਮੰਡੀ ਵੱਲਾ (ਅੰਮ੍ਰਿਤਸਰ), ਜ਼ਿਲ੍ਹਾ ਅੰਮ੍ਰਿਤਸਰ ਦੇ ਪਲਾਟ ਦੀ ਮਲਕੀਅਤ ਸ੍ਰੀ ਜਗਜੀਤ ਸਿੰਘ, ਸ੍ਰੀ ਪ੍ਰਤਾਪ ਸਿੰਘ ਪੁੱਤਰਾਨ ਸ੍ਰੀ ਦੇਵ ਚੰਦ ਦੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀਮਤੀ ਇੰਦਰਜੀਤ ਕੌਰ ਲੇਟ ਪਤਨੀ ਸ੍ਰੀ ਗੁਰਸ਼ਰਨ ਸਿੰਘ ਵਾਸੀ ਮਕਾਨ ਨੰ: 46, ਗੋਲਡਨ ਐਵੇਨਿਊ, ਅੰਮ੍ਰਿਤਸਰ ਵੱਲੋਂ ਬੈਨਾਮਾ ਵਾਸੀਕਾ ਨੰ: 10437 ਮਿਤੀ 31.1.2011 ਅਤੇ ਪਲਾਟ ਖਰੀਦਦਾਰ ਸ੍ਰੀ ਗੁਰਸ਼ਰਨ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਦੀ ਮੰਤ੍ਰ ਹੋਣ ਉਪਰੰਤ ਉਹਨਾਂ ਵੱਲੋਂ ਕੀਤੀ ਗਈ ਰਜਿਸਟਰਡ ਵਸੀਅਤ ਵਸੀਕਾ ਨੰ: 332 ਮਿਤੀ 25.10.2019 ਦੇ ਆਧਾਰ 'ਤੇ (1/2 ਹਿੱਸਾ) ਦੀ ਤਬਦੀਲ ਮਲਕੀਅਤ ਕਰਨ ਲਈ ਦਰਖਾਸਤ ਪ੍ਰਾਪਤ ਹੋਈ ਹੈ।

ਸ੍ਰੀ ਅਰਵਿੰਦਰ ਸਿੰਘ ਪੁੱਤਰ ਸ੍ਰੀ ਨਿਰਪਾਲ ਸਿੰਘ ਵੱਲੋਂ ਦੀ ਸਬ-ਰਜਿਸਟਰਾਰ, ਅੰਮ੍ਰਿਤਸਰ ਦੇ ਦਫਤਰ ਵਿੱਚ ਦਰਜ ਕਰਵਾਏ ਬੈਨਾਮਾ ਵਸੀਕਾ ਨੰ: 10436 ਮਿਤੀ 31.1.2011 ਦੇ ਆਧਾਰ 'ਤੇ (1/2 ਹਿੱਸਾ) ਦੀ ਤਬਦੀਲ ਮਲਕੀਅਤ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਗਰੇਨ ਸ਼ਾਪ ਨੰ: 20, ਮੰਡੀ ਵੱਲਾ, ਜ਼ਿਲ੍ਹਾ ਅੰਮ੍ਰਿਤਸਰ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਹੇਠ ਲਿਖੇ ਐਡਰੈੱਸ 'ਤੇ ਜਾਂ ਈਮੇਲ dir.colon@Punjab.gov.in ਜਾਂ ਹੇਠ ਲਿਖੇ ਐਡਰੈੱਸ 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/- ਐਡਮਨਿਸਟਰੇਟਰ, ਨਿਊ ਮੰਡੀ ਟਾਊਨਸ਼ਿਪ, ਪੰਜਾਬ।
ਪੰਜਾਬ ਮੰਡੀ ਭਵਨ ਸੈਕਟਰ 65-ਏ ਮੋਹਾਲੀ।

ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਨੰ: ਬੀ-10/240 ਵਾਕਿਆ ਬਾਲਮੀਕਿ ਮੁਹੱਲਾ ਨਹਿਰੂ ਗੇਟ ਬਟਾਲਾ ਜੋ ਕਿ ਨਗਰ ਨਿਗਮ ਦੇ ਟੀ ਐੱਸ 1 ਰਜਿਸਟਰ ਵਿੱਚ ਕਿਸ਼ਨ ਚੰਦ ਪੁੱਤਰ ਮੋਤੀ ਦੇ ਨਾਂਅ 'ਤੇ ਦਰਜ ਹੈ। ਪ੍ਰਾਰਥੀ ਨੀਲਮ ਪਤਨੀ ਲੇਟ ਸ੍ਰੀ ਰਵੀ ਕੁਮਾਰ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ। ਉਕਤ ਮੇਰੇ ਅਤੇ ਸੁਰਿੰਦਰ ਪਾਲ ਪੁੱਤਰ ਰਾਮ ਕ੍ਰਿਸ਼ਨ ਦੇ ਨਾਂਅ 'ਤੇ ਦਰਜ ਕੀਤਾ ਜਾਵੇ ਜੀ। ਪ੍ਰਾਰਥੀ ਵੱਲੋਂ ਵਸੀਅਤ ਦੀ ਕਾਪੀ ਲਗਾਈ ਗਈ ਹੈ, ਜਿਸ ਵਿੱਚ ਰਾਮ ਕ੍ਰਿਸ਼ਨ ਪੁੱਤਰ ਮੋਤੀ ਲਾਲ ਵੱਲੋਂ ਰਜਿਸਟਰਡ ਵਸੀਅਤ ਕੀਤੀ ਗਈ ਹੈ ਜਿਸ ਵਿੱਚ ਲਿਖਿਆ ਗਿਆ ਹੈ ਕਿ ਉਕਤ ਮਕਾਨ ਮੇਰੀ ਜੱਦੀ ਮਾਲਕੀ ਹੈ, ਜਿੰਨਾ ਚਿਰ ਤੱਕ ਮੈਂ ਜਿਊਂਦਾ ਰਹਾਂਗਾ, ਹਰ ਤਰ੍ਹਾਂ ਦਾ ਮਾਲਕ ਅਤੇ ਕਾਬਜ਼ ਹੋਵਾਂਗਾ। ਤੇ ਮੇਰੇ ਮਰਨ ਤੋਂ ਬਾਅਦ ਮੇਰੇ ਲੜਕੇ ਸੁਰਿੰਦਰ ਪਾਲ, ਰਵੀਦਾਸ ਪੁੱਤਰਾਨ ਸ੍ਰੀ ਰਾਮ ਕ੍ਰਿਸ਼ਨ ਪੁੱਤਰ ਮੋਤੀ ਰਾਮ ਹਿੱਸਾ ਬਰਾਬਰ ਮਾਲਕ ਅਤੇ ਕਾਬਜ਼ ਹੋਣਗੇ। ਤੇ ਮੇਰਾ ਇੱਕ ਹੋਰ ਲੜਕਾ ਗੁਰਿੰਦਰ ਪਾਲ ਹੈ, ਜਿਸ ਨੂੰ ਮੈਂ ਉਸ ਦਾ ਬਣਦਾ ਹਿੱਸਾ ਪਹਿਲਾਂ ਹੀ ਦੇ ਚੁੱਕਾ ਹਾਂ ਤੇ ਉਸ ਦਾ ਮੇਰੀ ਜਾਇਦਾਦ, ਇਸ ਮਕਾਨ ਵਿੱਚ ਨਾ ਕੋਈ ਵੀ ਤਲਕ-ਵਾਸਤਾ ਹੋਵੇਗਾ ਤੇ ਲਿਹਾਜ਼ਾ ਵਸੀਅਤਨਾਮਾ ਮਿਤੀ 15.10.2011 ਨੂੰ ਲਿਖ ਦਿੱਤਾ ਹੈ ਅਤੇ ਪ੍ਰਾਰਥੀ ਨੀਲਮ ਰਾਣੀ ਪਤਨੀ ਲੇਟ ਰਵੀਦਾਸ ਵੱਲੋਂ ਹਲਫੀਆ ਬਿਆਨ ਦੀ ਕਾਪੀ ਅਤੇ ਅਖਬਾਰ ਦੀ ਕਟਿੰਗ ਵੀ ਨਾਲ ਨੱਥੀ ਕੀਤੀ ਹੈ। ਜਿਸ ਵਿੱਚ ਨੀਲਮ ਰਾਣੀ ਨੇ ਆਪਣੇ ਲੜਕੇ ਹਰਸ਼ ਲੂਥਰਾ ਉਰਫ ਸੋਰਵ ਕੁਮਾਰ ਪੁੱਤਰ ਰਵੀਦਾਸ ਅਤੇ ਆਪਣੀ ਨੂੰਹ ਦੀਪਾਵਲੀ ਪਤਨੀ ਹਰਸ਼ ਲੂਥਰਾ ਉਰਫ ਸੋਰਵ ਕੁਮਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਜੇਕਰ ਇਸ ਪ੍ਰਾਪਰਟੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਨਗਰ ਨਿਗਮ ਬਟਾਲਾ ਵਿੱਚ ਦੇ ਸਕਦਾ ਹੈ। ਇਸ ਸਮੇਂ ਤੱਕ ਜੇਕਰ ਕੋਈ ਇਤਰਾਜ਼ ਨਾ ਆਇਆ ਜਾਂ ਇਤਰਾਜ਼ ਵਾਜਬ ਨਾ ਹੋਇਆ ਤਾਂ ਇਹ ਸਿਰਫ ਪ੍ਰਾਪਰਟੀ ਟੈਕਸ ਮੰਤਰ ਲਈ ਪ੍ਰਾਪਰਟੀ ਨੰ: ਬੀ-10/240 ਵਾਕਿਆ ਬਾਲਮੀਕਿ ਮੁਹੱਲਾ ਨਹਿਰੂ ਗੇਟ ਬਟਾਲਾ ਟੀ ਐੱਸ 1 ਰਜਿਸਟਰ ਵਿੱਚ ਰਜਿਸਟਰਡ ਵਸੀਅਤ ਮੁਤਾਬਕ ਵਸੀਅਤ ਵਿੱਚ ਰਾਮ ਕ੍ਰਿਸ਼ਨ ਲਿਖਿਆ ਹੋਇਆ ਹੈ ਅਤੇ ਨਗਰ ਨਿਗਮ ਦੇ ਟੀ ਐੱਸ ਵੱਲ ਰਜਿਸਟਰ ਵਿੱਚ ਕਿਸ਼ਨ ਚੰਦ ਲਿਖਿਆ ਹੋਇਆ ਹੈ। ਵਸੀਅਤ ਮੁਤਾਬਕ ਹੀ ਨੀਲਮ ਪਤਨੀ ਲੇਟ ਸ੍ਰੀ ਰਵੀ ਕੁਮਾਰ, ਸੁਰਿੰਦਰ ਪਾਲ ਪੁੱਤਰ ਰਾਮ ਕ੍ਰਿਸ਼ਨ ਦੇ ਨਾਂਅ 'ਤੇ ਦਰਜ ਕਰ ਕਿੱਤੀ ਜਾਵੇਗੀ ਅਤੇ ਇਸ ਤੋਂ ਬਾਅਦ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ।

ਸੁਪਰਡੰਟ, ਨਗਰ ਨਿਗਮ ਬਟਾਲਾ

ਉੱਤਰ ਰੇਲਵੇ
ਈ ਟੈਂਡਰ ਸੂਚਨਾ

ਸੀਨੀ. ਮੰਡਲ ਯਾਂਤ੍ਰਿਕ ਇੰਜੀਨੀਅਰ ਉੱਤਰ ਰੇਲਵੇ, ਡੀ.ਐਮ.ਯੂ. ਕਾਰ ਸ਼ੈਡ, ਜਲੰਧਰ ਸ਼ਹਿਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਨਿਰਧਾਰਿਤ ਪ੍ਰਫੋਰਮੇ ਉਤੇ ਈ-ਟੈਂਡਰ ਮੰਗ ਕੀਤੀ ਜਾਂਦੀ ਹੈ।

ਕੰਮ ਦਾ ਨਾਮ	ਡੀਐਮਯੂ ਕਾਰ ਸ਼ੇਡ ਜਲੰਧਰ ਵਿਚ ਡੀਐਮਯੂ ਕੋਚਾਂ ਵਿਚ ਲਗੇ ਬਾਯੋ-ਟਾਯਲੇਟ ਟੈਂਕ ਦੀ ਸਲਾਨਾ ਰੱਖ-ਰੱਖਾਵ ਅਤੇ ਸੰਚਾਲਨ ਅਨੁਬੰਧ 02 ਸਾਲਾਂ ਦੇ ਲਈ।
ਅਨੁਮਾਨਿਤ ਲਾਗਤ	ਰੁ: 31,77,355.40 (ਰੁ: ਇਕਤੀਸ ਲੱਖ ਸਤਹਤਰ ਹਜ਼ਾਰ ਤਿੰਨ ਸੋਜ ਪਚਪਨ ਅਤੇ ਚਾਲੀਸ ਪੈਸੇ ਕੇਵਲ)
ਬਿਆਨਾ ਰਾਸ਼ੀ	ਰੁ: 63,600/- (ਰੁ: ਤਿਰਸਠ ਹਜ਼ਾਰ ਛੇ ਸੋ ਕੇਵਲ !)
ਟੈਂਡਰ ਦੀ ਉਪਲਬਧਤਾ	ਮਿਤੀ 30.11.2022 ਤੋਂ
ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ	ਮਿਤੀ 23.12.2022 ਨੂੰ 15:00 ਵਜੇ ਤਕ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਮਿਤੀ 23.12.2022 ਨੂੰ 15:15 ਵਜੇ
ਵੈਧਤਾ	ਖੁਲਣ ਦੀ ਮਿਤੀ ਤੋਂ 60 ਦਿਨ
ਟੈਂਡਰ ਦਾ ਪ੍ਰਕਾਰ	ਖੁਲੀ ਟੈਂਡਰ (ਏਕਲ ਪੈਕੇਟ ਪ੍ਰਣਾਲੀ)
ਕੰਮ ਦਾ ਸਮਾਂ	24 ਮਹੀਨੇ (ਦੋ ਸਾਲ)
ਵੇਬਸਾਈਟ	www.ireps.gov.in

ਨੰ: 02-2022-23-ਡੀ ਐਮ ਯੂ.-ਜਲੰਧਰ ਸ਼ਹਿਰ ਮਿਤੀ : 30.11.2022 3193/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ
ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਸੀਨੀ

1-DEC-PAGE-7.qxd 11/30/2022 9:25 PM Page 1

ਹੰਕਾਰੀ ਐੱਸ ਐੱਮ ਓ ਨੂੰ ਬਰਖਾਸਤ ਕਰਨ ਸੰਬੰਧੀ ਸਿਹਤ ਮੰਤਰੀ ਤੇ ਮੁੱਖ ਮੰਤਰੀ ਦੇ ਨਾਂਅ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ

ਮਾਮਲਾ ਸਟੇਟ ਐਵਾਰਡੀ ਖੂਨਦਾਨੀ ਤੇ ਸਮਾਜ ਸੇਵੀ ਨਾਲ ਦੁਰਵਿਹਾਰ ਕਰਨ ਦਾ

ਮਾਨਸਾ (ਗੀਤਵਾਲ)

ਪਿਛਲੇ ਦਿਨੀ ਐੱਸ.ਐੱਮ.ਓ. ਵੱਲੋਂ ਖੂਨਦਾਨੀ ਅਤੇ ਸਮਾਜ ਸੇਵੀਆਂ ਨਾਲ ਖੂਨਦਾਨ ਕੈਂਪ ਲਗਾਉਣ ਨੂੰ ਲੈ ਕੇ ਜੋ ਦੁਰਵਿਹਾਰ ਕੀਤਾ ਗਿਆ ਸੀ, ਨੂੰ ਲੈ ਕੇ ਸਮੂਹ ਖੂਨਦਾਨੀ ਅਤੇ ਸਮੂਹ ਕਲੱਬਾਂ ਵੱਲੋਂ ਖੂਨਦਾਨ ਕੈਂਪ ਲਗਾਉਣ ਦਾ ਬਾਈਕਾਟ ਕੀਤਾ ਹੋਇਆ ਹੈ। ਅੱਜ ਸਮੂਹ ਕਲੱਬਾਂ ਤੇ ਖੂਨਦਾਨੀਆਂ ਵੱਲੋਂ ਉਸ ਹੰਕਾਰੀ ਐਸ.ਐਮ.ਓ. ਦੇ ਖਿਲਾਫ ਕਾਰਵਾਈ ਕਰਨ ਹਿੱਤ ਇੱਕ ਮੰਗ ਪੱਤਰ ਡਿਊਟੀ ਕਮਿਸ਼ਨਰ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਰਾਹੀਂ ਸਿਹਤ ਮੰਤਰੀ ਪੰਜਾਬ ਅਤੇ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਗਿਆ। ਜਿਸ ਵਿੱਚ ਜ਼ਿਲ੍ਹੇ ਦੇ ਸਮੂਹ ਖੂਨਦਾਨੀਆਂ, ਯੂਥ ਕਲੱਬਾਂ ਅਤੇ ਵੱਖ-ਵੱਖ ਸੰਸਥਾਵਾਂ ਨੇ ਮੰਗ ਰੱਖੀ ਹੈ ਕਿ ਬਿਨਾਂ ਕਿਸੇ ਲੋਭ-ਲਾਲਚ ਤੋਂ ਕੰਮ ਕਰ ਰਹੇ ਸਮਾਜ ਸੇਵੀ ਅਤੇ ਖੂਨਦਾਨੀਆਂ ਨਾਲ ਐਸ.ਐਮ.ਓ. ਵੱਲੋਂ ਆਪਣਾ ਹੰਕਾਰੀ ਰਵੱਈਆ ਆਪਣਾਉਂਦੇ

ਹੋਏ ਦਰਵਿਹਾਰ ਕੀਤਾ ਹੈ। ਇਸ ਲਈ ਉਸ ਤਾਨਾਸ਼ਾਹੀ ਐਸ.ਐਮ.ਓ. ਨੂੰ ਤੁਰੰਤ ਬਰਖਾਸਤ ਕੀਤਾ ਜਾਵੇ।

ਇਸ ਮੌਕੇ ਉੱਕਤ ਅਧਿਕਾਰੀਆਂ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਇਹ ਮੰਗ ਪੱਤਰ ਉੱਕਤ ਮੰਤਰੀਆਂ ਤੱਕ ਪਹੁੰਚਾ ਦਿੱਤਾ ਜਾਵੇਗਾ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਸਟੇਟ ਐਵਾਰਡੀ ਗੁਰਪ੍ਰੀਤ ਸਿੰਘ ਭੰਮਾਂ, ਅਮਨਦੀਪ ਹੀਰਕੇ, ਤਰਸੇਮ ਸੇਮੀ, ਡਿੰਪਲ ਫਰਮਾਹੀ, ਮਨਜੀਤ ਭੱਟੀ, ਮੁਕੇਸ ਕੁਮਾਰ, ਅੰਗਰੇਜ ਚੰਦ ਝੁਨੀਰ, ਸੁਭਾਸ ਮਾਨਸਾ, ਗੁਰਪ੍ਰੀਤ ਸਿੰਘ ਹੀਰਕੇ, ਗੋਲਡੀ ਕਲੇਰ ਕਣਕਵਾਲਾ, ਨਵੀ ਕੁਲਹੇਰੀ, ਮਹਿਮਾ ਸਿੰਘ ਧਿੰਗੜ, ਰਾਵਲ ਕੋਟੜਾ, ਬਾਰੂ ਰੱਲਾ, ਸੁਮੀਰ ਛਾਵੜਾ, ਮਨਜੀਤ ਸਿੰਘ, ਬਲਜੀਤ ਸਿੰਘ, ਡਾ. ਹਰਦੇਵ ਕੋਰਵਾਲਾ, ਰਣਵੀਰ ਕਾਕਾ ਮਾਨਸਾ, ਸੰਦੀਪਪਾਲ, ਡਾ. ਤਰਸੇਮ ਦੂਲੋਵਾਲਾ, ਜਗਦੇਵ ਸਿੰਘ ਸੈਕਟਰੀ ਆਦਿ ਹਾਜ਼ਰ ਸਨ।

ਵਿਦਿਆਰਥੀਆਂ ਦੇ ਵਜ਼ੀਫੇ ਬੰਦ ਕਰਕੇ ਕੇਂਦਰ ਸਰਕਾਰ ਦਾ ਘੱਟ ਗਿਣਤੀਆਂ ਵਿਰੋਧੀ ਚਿਹਰਾ ਹੋਇਆ ਬੇਨਕਾਬ : ਡੀ ਟੀ ਐੱਫ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੜ੍ਹਦੇ ਘੱਟ ਗਿਣਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਦੇ ਵਜ਼ੀਫੇ ਕੇਂਦਰ ਸਰਕਾਰ ਦੁਆਰਾ ਬੰਦ ਕੀਤੇ ਜਾਣ ਨਾਲ ਇਸ ਦਾ ਘੱਟ ਗਿਣਤੀਆਂ ਵਿਰੋਧੀ ਚਿਹਰਾ ਕੀਤਾ ਬੇਨਕਾਬ ਹੋ ਗਿਆ ਹੈ। ਇਸ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ ਨੇ ਦੱਸਿਆ ਕਿ ਸਾਲ 2022-23 ਤੋਂ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਘੱਟ ਗਿਣਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫੇ ਵਿੱਚੋਂ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਵਜ਼ੀਫੇ ਨੂੰ ਬੰਦ ਕਰ ਦਿੱਤਾ ਗਿਆ ਹੈ। ਘੱਟ ਗਿਣਤੀ ਮੰਤਰਾਲੇ ਵੱਲੋਂ ਇਹ ਵਜ਼ੀਫਾ ਬੰਦ ਕਰਨ ਪਿੱਛੇ ਸਿੱਖਿਆ ਅਧਿਕਾਰ ਕਾਨੂੰਨ ਤਹਿਤ ਮਿਲ ਰਹੀ ਮੁਫਤ ਸਿੱਖਿਆ ਦਾ ਤਰਕ ਦਿੱਤਾ ਗਿਆ ਹੈ, ਜੋ ਕਿ ਘੱਟ ਗਿਣਤੀਆਂ ਨੂੰ ਸਿੱਖਿਆ ਵਿੱਚ ਵਿਸ਼ੇਸ਼ ਸਹੂਲਤਾਂ ਦੇਣ ਦੀ ਨੀਤੀ ਤੋਂ ਪਿੱਛੇ ਹਟਣ ਦਾ ਸੰਕੇਤ ਹੈ। ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਘੱਟ ਗਿਣਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਵਜ਼ੀਫੇ ਜਾਰੀ ਕੀਤੇ ਗਏ ਸਨ, ਪਰ ਇਸ ਵਾਰ ਮਾਪਿਆਂ ਵੱਲੋਂ ਬੜੀ ਮੁਸ਼ੱਕਤ ਕਰਕੇ, ਪੈਸੇ ਖਰਚ ਕਰਕੇ ਅਤੇ ਦਿਹਾੜੀਆਂ ਗਾਲ ਕੇ ਬਣਾਏ ਗਏ ਜਾਤੀ ਅਤੇ ਆਮਦਨ ਸਰਟੀਫਿਕੇਟ ਉਨਾਂ ਦੇ ਬੱਚਿਆਂ ਨੂੰ ਵਜ਼ੀਫਾ ਦੁਆਉਣ ਦੇ ਕੰਮ ਨਹੀਂ ਆਉਣਗੇ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਪਰਮਾਤਮਾ ਸਿੰਘ, ਕੁਲਵਿੰਦਰ ਸਿੰਘ, ਪਵਨ ਚੌਧਰੀ, ਰਵਿੰਦਰ ਸਿੰਘ, ਰਾਜਵਿੰਦਰ ਸਿੰਘ, ਸੁਭਾਸ਼ ਚੰਦਰ, ਗੁਰਦੇਵ ਸਿੰਘ, ਰਵੀ ਕੁਮਾਰ, ਮਨਦੀਪ ਸਿੰਘ, ਨਰਿੰਦਰਪ੍ਰੀਤ ਸਿੰਘ, ਸੁਰਿੰਦਰ ਕੁਮਾਰ, ਕੰਵਲਜੀਤ ਪਾਲ ਨੇ ਮੰਗ ਕੀਤੀ ਕਿ ਪਹਿਲਾਂ ਵਾਂਗ ਹੀ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਘੱਟ ਗਿਣਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਵਜ਼ੀਫੇ ਜਾਰੀ ਕੀਤੇ ਜਾਣ।

ਨਜਾਇਜ਼ ਸ਼ਰਾਬ ਦੀਆਂ 201 ਪੇਟੀਆਂ ਸਮੇਤ ਕੈਂਟਰ ਚਾਲਕ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸੀ.ਆਈ.ਏ. ਸਟਾਫ ਸਰਹਿੰਦ ਵੱਲੋਂ ਸ਼ਰਾਬ ਦੀਆਂ ਬੋਤਲਾਂ ਦੇ ਢੱਕਣਾਂ 'ਤੇ ਲੱਗੇ ਟਰੈਕ ਐਂਡ ਟਰੇਸ ਹੋਲੋਗ੍ਰਾਮ ਸਟਿੱਕਰ ਫਾੜ ਕੇ ਦੂਸਰੇ ਰਾਜਾਂ 'ਚ ਵੇਚਣ ਲਈ ਲਿਜਾਈ ਜਾ ਰਹੀ ਨਜਾਇਜ਼ ਸ਼ਰਾਬ ਨੂੰ ਭਾਰੀ ਮਾਤਰਾ 'ਚ ਬਰਾਮਦ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸੀ.ਆਈ.ਏ. ਸਟਾਫ ਸਰਹਿੰਦ ਨੂੰ ਮੁਖਬਰੀ ਮਿਲੀ ਸੀ ਕਿ ਸੋਨੀਪਤ (ਹਰਿਆਣਾ) ਦਾ ਕਥਿਤ ਵਸਨੀਕ ਰਾਜੇਸ਼ ਕੁਮਾਰ ਨਾਮਕ ਵਿਅਕਤੀ ਕੈਂਟਰ ਨੰਬਰ ਐਚ.ਆਰ.69 ਈ-3131 'ਚ ਸ਼ਰਾਬ ਸਮਗਲ ਕਰਕੇ ਪੰਜਾਬ, ਹਰਿਆਣਾ, ਰਾਜਸਥਾਨ ਸਮੇਤ ਵੱਖ-ਵੱਖ ਰਾਜਾਂ 'ਚ ਵੇਚਣ ਦਾ ਧੰਦਾ ਕਰਦਾ ਹੈ ਜੋ ਕਿ ਕੈਂਟਰ 'ਚ ਸ਼ਰਾਬ ਲੱਦ ਕੇ ਲੁਧਿਆਣਾ ਸਾਈਡ ਤੋਂ ਸਰਹਿੰਦ ਵੱਲ ਨੂੰ ਆ ਰਿਹਾ ਹੈ। ਸੂਚਨਾ 'ਤੇ ਕਾਰਵਾਈ ਕਰਦਿਆਂ ਸੀ.ਆਈ.ਏ. ਸਟਾਫ ਦੀ ਇੱਕ ਟੀਮ ਵੱਲੋਂ ਆਬਕਾਰੀ ਵਿਭਾਗ ਦੇ ਸਰਕਲ ਇੰਸਪੈਕਟਰ ਵਿਜੈ ਕੁਮਾਰ ਨੂੰ ਨਾਲ ਲੈ ਕੇ ਤਰਖਾਣਮਾਜਰਾ ਕੱਟ ਨਜ਼ਦੀਕ ਨਾਕਾਬੰਦੀ ਕਰਦਿਆਂ ਸ਼ੱਕੀ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਗਈ ਜਿਸ ਦੌਰਾਨ ਕੈਂਟਰ

ਸ਼ਰਾਬ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਸੀ.ਆਈ.ਏ. ਦੀ ਟੀਮ ਨਾਲ ਨਜ਼ਰ ਆਉਂਦਾ ਹੋਇਆ।

ਲੈ ਕੇ ਆ ਰਹੇ ਰਾਜੇਸ਼ ਕੁਮਾਰ ਨੂੰ ਟੀਮ ਵੱਲੋਂ ਰੋਕ ਕੇ ਉਸਦੇ ਕੈਂਟਰ ਦੀ ਤਲਾਸ਼ੀ ਲਈ ਗਈ ਤਾਂ ਕੈਂਟਰ 'ਚੋਂ 201 ਪੇਟੀਆਂ ਮੈਕ ਡਾਵਲ ਸ਼ਰਾਬ ਅੰਗਰੇਜ਼ੀ ਬਰਾਮਦ ਹੋਈ ਜਿਨਾਂ ਵਿੱਚੋਂ ਸ਼ਰਾਬ ਦੇ ਕੁੱਲ 9648 ਪਊਏ ਬਰਾਮਦ ਹੋਏ।

ਸੂਤਰਾਂ ਅਨੁਸਾਰ ਰਾਜੇਸ਼ ਕੁਮਾਰ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਸ਼ਰਾਬ ਦੀ ਅੰਤਰਰਾਜੀ ਸਮਗਲਿੰਗ ਦੇ ਇਸ ਨਜਾਇਜ਼ ਧੰਦੇ 'ਚ ਰਾਜਸਥਾਨ ਦਾ ਕਥਿਤ ਸ਼ਰਾਬ ਠੇਕੇਦਾਰ ਅਮਿਤ ਬਾਂਸਲ ਅਤੇ ਸ਼ਰਾਬ ਦੇ ਠੇਕਿਆਂ ਦਾ ਕਥਿਤ ਇੰਚਾਰਜ ਅਮਰਜੋਤ ਸਿੰਘ ਵਾਸੀ ਲੁਧਿਆਣਾ ਵੀ ਸ਼ਾਮਲ ਹੈ ਤੇ ਉਕਤ ਵਿਅਕਤੀ ਸ਼ਰਾਬ ਦੀਆਂ ਬੋਤਲਾਂ ਦੇ ਢੱਕਣਾਂ 'ਤੇ ਲੱਗੇ ਟਰੈਕ ਅਤੇ ਟਰੇਸ ਹੋਲੋਗ੍ਰਾਮ ਸਟਿੱਕਰ ਫਾੜ ਦਿੰਦੇ ਸਨ ਤਾਂ ਕਿ ਇਹ ਨਾ ਪਤਾ ਲੱਗ ਸਕੇ ਕਿ ਉਕਤ ਸ਼ਰਾਬ ਕਿਸ ਠੇਕੇਦਾਰ ਦੀ ਹੈ। ਥਾਣਾ ਸਰਹਿੰਦ ਵਿਖੇ ਰਾਜੇਸ਼ ਕੁਮਾਰ, ਅਮਿਤ ਬਾਂਸਲ, ਅਮਰਜੋਤ ਸਿੰਘ ਵਿਰੁੱਧ ਅ/ਧ 61, 78 (2)/1/14 ਆਬਕਾਰੀ ਐਕਟ, 420 ਆਈ ਪੀ ਸੀ ਅਤੇ 120-ਬੀ ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕਰਵਾਉਂਦਿਆਂ ਸੀ.ਆਈ.ਏ. ਸਟਾਫ ਸਰਹਿੰਦ ਦੇ ਥਾਣੇਦਾਰ ਬਲਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਕਾਤਰਾਂ

ਬਿਜਲੀ ਬਿੱਲ ਜ਼ੀਰੋ ਆਉਣ ਤੋਂ ਬਾਅਦ ਆਮ ਪਰਵਾਰਾਂ ਦਾ ਘਰੇਲੂ ਪੱਧਰ ਉੱਚਾ ਹੋਇਆ : ਡਾ. ਦਈਆ, ਚੀਮਾ

ਸਮਾਣਾ (ਗੁਰਪਿਆਰ ਸਿੰਘ ਬੱਲ)-ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜਦ ਤੋਂ ਲੋਕਾਂ ਦੇ ਬਿਜਲੀ ਦੇ ਬਿੱਲ ਮੁਆਫ਼ ਕੀਤੇ ਹਨ, ਉਸ ਤੋਂ ਬਾਅਦ ਆਮ ਪਰਵਾਰਾਂ ਦਾ ਘਰੇਲੂ ਪੱਧਰ ਉੱਚਾ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਡਾ. ਸੁਰਜੀਤ ਸਿੰਘ ਦਈਆ ਅਤੇ ਸੀਨੀਅਰ ਆਪ ਆਗੂ ਹਰਦੀਪ ਸਿੰਘ ਚੀਮਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਗ਼ਰੀਬ ਘਰਾਂ ਦੇ ਵੀ ਘੱਟੋ ਘੱਟ ਇਕ ਹਜ਼ਾਰ ਰੁਪਏ ਦੇ ਨਜ਼ਦੀਕ 2 ਮਹੀਨਿਆਂ ਦਾ ਬਿੱਲ ਆਉਂਦਾ ਸੀ ਜੋ ਹੁਣ ਫਰੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਨਮ, ਮੌਤ ਤੇ ਹੋਰ ਸਰਟੀਫਿਕੇਟ ਆਨਲਾਈਨ ਕਰਨ ਨਾਲ ਲੋਕਾਂ ਦੀ ਸੇਵਾ ਕੇਂਦਰਾਂ ਵਿਚ ਹੁੰਦੀ ਖੱਜਲ ਖੁਆਰੀ ਘਟੀ ਹੈ ਤੇ ਉਨ੍ਹਾਂ ਨੂੰ ਹੁਣ ਲਾਈਨਾਂ ਵਿਚ ਨਹੀਂ ਲੱਗਣਾ ਪੈਂਦਾ। ਉੱਧਰ ਖੇਤੀਬਾੜੀ ਮੰਤਰੀ ਵਲੋਂ ਹਜ਼ਾਰਾਂ ਹੈਕਟੇਅਰ ਜ਼ਮੀਨ ਨਾਜਾਇਜ਼ ਕਬਜ਼ਾਧਾਰੀਆਂ ਵੱਲੋਂ ਛੁਡਵਾ ਕੇ ਸਰਕਾਰੀ ਖਜ਼ਾਨੇ ਨੂੰ ਭਰਪੂਰ ਕੀਤਾ ਜਦਕਿ ਸਰਕਾਰੀ ਦਫ਼ਤਰਾਂ ਤੇ ਹੋਰ ਅਦਾਰਿਆਂ ਵਿੱਚ ਰਿਸ਼ਵਤਖੋਰੀ ਵੀ ਘਟੀ ਹੈ ਤੇ ਇਨ੍ਹਾਂ ਕਾਰਨਾਂ ਕਰਕੇ ਲੋਕਾਂ ਦਾ ਵਿਸਵਾਸ਼ 'ਆਪ' ਸਰਕਾਰ ਵਿੱਚ ਵਧਦਾ ਜਾ ਰਿਹਾ ਹੈ।

ਜੇਲ੍ਹ 'ਚ ਬੰਦ ਕੈਦੀ ਵਾਪਸ ਜੇਲ੍ਹ ਨਹੀਂ ਪਹੁੰਚਿਆ, ਪਰਚਾ ਦਰਜ

ਜਲਾਲਾਬਾਦ (ਦਦੂਜਾ)-ਥਾਣਾ ਵੈਰੋਕੇ ਦੀ ਪੁਲਿਸ ਨੇ ਜੇਲ੍ਹ 'ਚ ਬੰਦ ਕੈਦੀ ਦੇ ਜੇਲ੍ਹ 'ਚ ਨਾ ਪਹੁੰਚਣ 'ਤੇ ਮਾਮਲਾ ਦਰਜ ਕੀਤਾ ਹੈ। ਤਫਤੀਸ਼ੀ ਅਫਸਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਡਿਪਟੀ ਸੁਪਰਡੈਂਟ ਸਬ ਜੇਲ੍ਹ ਫਿਰੋਜ਼ਪੁਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਧਰਮਿੰਦਰ ਸਿੰਘ ਉਰਫ ਕਾਲਾ ਪੁੱਤਰ ਜਗਦੀਸ਼ ਸਿੰਘ ਉਰਫ ਮਹਿੰਦਰ ਸਿੰਘ ਵਾਸੀ ਬੇਗਮਪੁਰਾ ਥਾਣਾ ਰੂਨੀ, ਦਿੱਲੀ ਮੁਕੱਦਮਾ ਨੰਬਰ 77 ਮਿਤੀ 29 ਅਪ੍ਰੈਲ 2001 ਨੂੰ ਧਾਰਾ 302 ਸੀ.ਆਰ.ਅਧੀਨ ਥਾਣਾ ਸਰਹਿੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸੀ। 21 ਸਤੰਬਰ 2020 ਨੂੰ ਉਹ 8 ਹਫ਼ਤਿਆਂ ਲਈ ਪੈਰੋਲ 'ਤੇ ਬਾਹਰ ਆਇਆ ਸੀ, ਕੋਵਿਡ-19 ਦੀ ਮਹਾਂਮਾਰੀ ਦੇ ਮੱਦੇਨਜ਼ਰ ਹਾਈ ਪਾਵਰ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਸਮੇਂ-ਸਮੇਂ 'ਤੇ ਪੈਰੋਲ ਵਿੱਚ ਵਾਧਾ ਕੀਤਾ ਗਿਆ ਸੀ, ਪਰ ਹੁਕਮਾਂ ਅਨੁਸਾਰ ਮੁੱਖ ਅਫਸਰ ਨੇ ਇਸ ਕੈਦੀ ਦੀ ਵਾਪਸੀ 8 ਮਈ 2021 ਨੂੰ ਕੀਤੀ ਜਾਣੀ ਸੀ ਪਰ ਉਕਤ ਕੈਦੀ ਨਿਰਧਾਰਤ ਮਿਤੀ 'ਤੇ ਜੇਲ੍ਹ 'ਚ ਦਾਖਲ ਨਹੀਂ ਹੋਇਆ ਅਤੇ ਪੈਰੋਲ 'ਤੇ ਭਰੌੜਾ ਹੋ ਗਿਆ ਸੀ ਪਰ ਦਫ਼ਤਰ ਉਪ-ਮੰਡਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਪੱਤਰ ਨੰਬਰ 6043 ਮਿਤੀ 14 ਸਤੰਬਰ 2022 ਤੇ ਸੀਨੀਅਰ ਪੁਲਸ ਕਪਤਾਨ ਸਰਕਾਰ ਦੇ ਹੁਕਮ ਨੰਬਰ 9739/ਏਸੀ/ਸੀ ਮਿਤੀ 19 ਸਤੰਬਰ 2022 ਅਨੁਸਾਰ ਕੈਦੀ ਨੰਬਰ 8640/334 ਧਰਮਿੰਦਰ ਸਿੰਘ ਉਰਫ ਕਾਲਾ ਪੁੱਤਰ ਜਗਦੀਸ਼ ਸਿੰਘ ਉਰਫ ਮਹਿੰਦਰ ਸਿੰਘ ਵਾਸੀ ਬੇਗਮਪੁਰਾ ਥਾਣਾ ਰੂਨੀ ਦੇ ਖਿਲਾਫ ਸਮੇਂ ਸਿਰ ਪੇਸ਼ ਨਾ ਹੋਣ ਕਾਰਨ ਪੰਜਾਬ ਗੁੱਡ ਕੰਡਕਟ ਪ੍ਰਿਜ਼ਨਰਜ਼ ਟੈਂਪਰੇਰੀ ਰਿਲੀਜ਼ ਐਕਟ 1962 ਦੇ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

ਵਿਸ਼ਵ ਸਤਿਸੰਗ ਸਭਾ ਨੇ ਵੰਡੇ ਲੋੜਵੰਦ ਬੱਚਿਆਂ ਨੂੰ ਗਰਮ ਕੱਪੜੇ

ਸਿਰਸਾ (ਸੁਰਿੰਦਰ ਪਾਲ ਸਿੰਘ)-ਠਾਕੁਰ ਦਲੀਪ ਸਿੰਘ ਵੱਲੋਂ ਚਲਾਈ ਜਾ ਰਹੀ ਵਿਸ਼ਵ ਸਤਿਸੰਗ ਸਭਾ ਵੱਲੋਂ ਅੱਜ ਅਨੇਕ ਬੱਚਿਆਂ ਨੂੰ ਗਰਮ ਕੱਪੜੇ ਵੰਡੇ ਗਏ। ਇਸ ਮੌਕੇ ਸੁਖਰਾਜ ਸਿੰਘ, ਦੇਵ ਸਿੰਘ, ਪ੍ਰਭਜੋਤ ਕੌਰ, ਜਸਵੀਰ ਕੌਰ ਨੇ ਦੱਸਿਆ ਕਿ ਵਿਸ਼ਵ ਸਤਿਸੰਗ ਸਭਾ ਵੱਲੋਂ ਪੂਰੇ ਦੇਸ਼ ਵਿੱਚ ਮੁਫ਼ਤ ਸੇਵਾ ਕੇਂਦਰ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਸਿੱਖਿਆ, ਸਿਲਾਈ, ਕੰਪਿਊਟਰ ਅਤੇ ਚੰਗੀਆਂ ਸਿੱਖਿਆਵਾਂ ਦੇਣ ਦੇ ਨਾਲ-ਨਾਲ ਲੋੜਵੰਦਾਂ ਨੂੰ ਸਮਾਨ ਵੀ ਦਿੱਤਾ ਜਾਂਦਾ ਹੈ। ਸਿਰਸਾ ਜ਼ਿਲ੍ਹੇ ਦੇ ਜੀਵਨ ਨਗਰ, ਕਰੀਵਾਲਾ, ਢੁੱਡੀਆਵਾਲੀ, ਹਾਰਨੀ ਆਦਿ ਪਿੰਡਾਂ ਵਿੱਚ ਵੀ ਮੁਫ਼ਤ ਵਿੱਦਿਆ ਦਾਨ ਦੀਆਂ ਕਲਾਸਾਂ ਚੱਲ ਰਹੀਆਂ ਹਨ। ਇਨ੍ਹਾਂ ਕਲਾਸਾਂ ਵਿੱਚ ਸਿੱਖਿਆ ਗ੍ਰਹਿਣ ਕਰ ਰਹੇ ਲਗਭਗ 400 ਬੱਚਿਆਂ ਨੂੰ ਅੱਜ ਠਾਕੁਰ ਦਲੀਪ ਸਿੰਘ ਦੀ ਪ੍ਰੇਰਨਾ ਸਦਕਾ ਗਰਮ ਕੱਪੜੇ ਵੰਡੇ ਗਏ ਹਨ। ਬੱਚਿਆਂ ਵੱਲੋਂ ਸ਼ਬਦ, ਸਿੱਖ ਇਤਿਹਾਸ ਨਾਲ ਸੰਬੰਧਤ ਪ੍ਰਸ਼ਨਾਵਲੀ, ਕਵਿਤਾ ਅਤੇ ਗੀਤ ਆਦਿ ਪੇਸ਼ ਕੀਤੇ ਗਏ। ਇਸ ਮੌਕੇ ਮੁੱਖ ਮਹਿਮਾਨ ਸਰਪੰਚ ਗੁਰਮੇਜ ਸਿੰਘ, ਸਾਬਕਾ ਚੇਅਰਮੈਨ ਗੁਰਚਰਨ ਸਿੰਘ, ਦੇਵ ਸਿੰਘ, ਸਰਪੰਚ ਬਲਜੀਤ ਸਿੰਘ, ਬੀਬੀ ਅਮਰੀਜੀਤ ਕੌਰ, ਮਨਪ੍ਰੀਤ ਕੌਰ, ਅਮਨਦੀਪ ਕੌਰ, ਮਹਿਕ ਕੌਰ, ਦਲਜੀਤ ਕੌਰ, ਹਰਭੇਜ ਸਿੰਘ, ਬਲਕਾਰ ਸਿੰਘ, ਸਵਰਨ ਸਿੰਘ, ਅੰਗਰੇਜ਼ ਸਿੰਘ, ਮੋਹਨ ਸਿੰਘ, ਰੇਸ਼ਮ ਸਿੰਘ, ਗੁਰਜੀਤ ਸਿੰਘ, ਰਿਸ਼ਪਾਲ ਸਿੰਘ ਆਦਿ ਮੌਜੂਦ ਸਨ।

ਜਨਵਰੀ ਮਹੀਨੇ ਫ਼ਤਹਿਗੜ੍ਹ ਸਾਹਿਬ ਵਿਖੇ ਪਹੁੰਚੇਗੀ ਭਾਰਤ ਜੋੜੋ ਯਾਤਰਾ : ਜੀ ਪੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਰਾਹੁਲ ਗਾਂਧੀ ਦੀ ਅਗਵਾਈ 'ਚ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਕੱਢੀ ਜਾ ਰਹੀ ਭਾਰਤ ਜੋੜੋ ਯਾਤਰਾ ਜਿਸ ਨੂੰ ਦੇਸ਼ ਭਰ ਦੇ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਜਨਵਰੀ ਮਹੀਨੇ ਫ਼ਤਹਿਗੜ੍ਹ ਸਾਹਿਬ ਵਿਖ

1-DEC-PAGE- 8.qxd 11/30/2022 10:12 PM Page 1

ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ ਸਾਲਾਨਾ ਫੁੱਟਬਾਲ ਟੂਰਨਾਮੈਂਟ

ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਊਂਡ ਵਿਖੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋਂ 13ਵਾਂ ਸਲਾਨਾ ਫੁੱਟਬਾਲ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋਇਆ । ਸ਼ਹੀਦ ਭਗਤ ਸਿੰਘ ਫੁੱਟਬਾਲ ਕਲੱਬ ਵਲੋਂ ਫੁੱਟਬਾਲ ਮੈਚਾਂ ਦੇ ਫਾਈਨਲ ਮੈਚਾਂ ਦੇ ਨਾਲ ਨਾਲ ਐਥਲੈਟਿਕ ਮੁਕਾਬਲੇ ਵੀ ਕਰਵਾਏ ਗਏ। ਐਥਲੈਟਿਕ ਮੈਚਾਂ ਦਾ ਉਦਘਾਟਨ ਅਵਿਨਾਸ਼ ਰਾਏ ਖੰਨਾ ਪ੍ਰਧਾਨ ਬੀ ਜੇ ਪੀ ਵਲੋਂ ਕੀਤਾ ਗਿਆ। ਫਾਈਨਲ ਮੈਚਾਂ ਦੌਰਾਨ ਇਲਾਕੇ ਦੀਆਂ ਮਾਨਯੋਗ ਸ਼ਖਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਈਆਂ, ਜਿਨ੍ਹਾਂ ਵਿੱਚ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ, ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ, ਪੰਕਜ ਕਿਰਪਾਲ, ਹਰਵੇਲ ਸੈਣੀ, ਤੇਜੀ ਸੰਧੂ, ਡੀ ਐਸ ਪੀ ਦਲਜੀਤ ਸਿੰਘ ਖੱਖ,ਢਾਡੀ ਤਰਸੇਮ ਸਿੰਘ ਮੋਰਾਵਾਂਲੀ, ਜਸਵੰਤ ਸਿੰਘ ਭੱਠਲ, ਡਾ. ਜੰਗ ਬਹਾਦਰ ਸਿੰਘ ਰਾਏ, ਬੀ ਡੀ ਪੀ ਓ ਮਨਜਿੰਦਰ ਕੌਰ, ਤਹਿਸੀਲਦਾਰ ਤਪਨ ਭਨੋਟ,

ਨਾਇਬ ਤਹਿਸੀਲਦਾਰ ਕਸਮੀਰ ਸਿੰਘ, ਪ੍ਰਿ ਸੀਮਾ ਰਾਣੀ ਆਦਿ ਸ਼ਾਮਲ ਸਨ । ਟੂਰਨਾਮੈਂਟ ਵਿੱਚ ਇਲਾਕੇ ਭਰ ਵਿੱਚੋ ਸਕੂਲ ਪੱਧਰ ਅਤੇ ਪਿੰਡ ਪੱਧਰ ਦੀਆਂ ਟੀਮਾਂ ਨੇ ਭਾਗ ਲਿਆ। ਖਾਲਸਾ ਸਕੂਲ ਨਵਾਸ਼ਹਿਰ ਅਤੇ ਦੋਆਬਾ ਸਕੂਲ ਪਾਰੋਵਾਲ ਦੀਆਂ ਟੀਮਾਂ ਦਰਮਿਆਨ ਫਾਈਨਲ ਮੈਚ ਖੇਡਿਆ ਗਿਆ ਜਿਸ ਵਿੱਚ ਖਾਲਸਾ ਸਕੂਲ ਨਵਾਂਸ਼ਹਿਰ ਜੇਤੂ ਰਹੀ। ਪਿੰਡ ਪੱਧਰ ਦੀਆਂ ਸ਼ਹੀਦ ਭਗਤ ਸਿੰਘ ਕਲੱਬ ਗੜ੍ਹਸ਼ੰਕਰ ਅਤੇ ਪਨਾਮ ਦੀਆ ਟੀਮਾਂ ਵਿਚਕਾਰ ਫਾਈਨਲ ਮੈਚ ਖੇਡਿਆ ਗਿਆ ਜਿਸ ਵਿੱਚ ਦੋਵੇਂ ਟੀਮਾਂ ਨੂੰ ਜੇਤੂ ਕਰਾਰ ਦਿੱਤਾ ਗਿਆ। ਸ਼ਹੀਦ ਭਗਤ ਸਿੰਘ ਫੁੱਟਬਾਲ ਕਲੱਬ ਵਲੋ ਟੂਰਨਾਮੈਂਟ ਦੇ ਅਖੀਰਲੇ ਦਿਨ ਪੰਜਾਬ ਸਟਾਈਲ ਕਬੱਡੀ ਮੈਚ ਲੜਕੀਆਂ ਪੰਜਾਬ ਅਤੇ ਹਰਿਆਣਾ ਦੇ ਮੈਚ ਕਰਵਾਏ ਗਏ ਜਿਸ ਵਿੱਚ ਹਰਿਆਣਾ ਦੀ ਟੀਮ ਜੇਤੂ ਰਹੀ। ਐਥਲੈਟਿਕ ਮੀਟ ਦੇ ਮੁਕਾਬਲੇ ਵਿੱਚ ਇਲਾਕੇ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਨੇ ਭਾਗ ਲਿਆ। ਰੱਸਾਕੱਸ਼ੀ ਅਤੇ ਸ਼ਾਟ ਪੁੱਟ ਮੁਕਾਬਲੇ ਵੀ ਕਰਵਾਏ ਗਏ ਜੋ ਦਰਸ਼ਕਾਂ ਦੀ ਖਿੱਚ ਦਾਕੇਂਦਰ ਬਣੇ ਅਤੇ ਇਹਨਾਂ ਮੁਕਾਬਲਿਆਂ ਵਿੱਚੋ ਪਹਿਲੇ ਦੂਜੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਨਾਮਾਂ ਦੀ ਵੰਡ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵਲੋਂ ਕੀਤੀ ਗਈ । ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਰਾਏ, ਝਲਮਣ ਸਿੰਘ ਬੈਂਸ ਯੂਕੇ, ਅਭੈ ਸੰਧੂ, ਤਪਨ ਭਨੋਟ, ਬਲਵੀਰ ਸਿੰਘ ਚੰਗਿਆੜਾ, ਐਨ ਆਰ ਆਈ ਤੀਰਥ ਸਿੰਘ ਰੱਤੂ, ਗੁਰਦਿਆਲ ਸਿੰਘ ਭਨੋਟੇ, ਬਲਵਿੰਦਰ ਰਾਣਾ,ਸੁਨੀਲ ਗੋਲਡੀ,ਅਮਨਦੀਪ ਪੁਰੇਵਾਲ, ਸੰਨੀ ਪੁਰੇਵਾਲ, ਰਾਜਵਿੰਦਰ ਬੈਸ,ਸਤਨਾਮ ਸਿੰਘ ਪਾਰੋਵਾਲ, ਰਮਨ ਬੰਗਾ,ਸੂਬੇਦਾਰ ਕੇਵਲ ਸਿੰਘ ਭੱਜਲ, ਹਰਪ੍ਰੀਤ ਸਿੰਘ ਬੈਂਸ,ਕਮਲ ਬੈਸ, ਅਮਰਜੀਤ ਸਿੰਘ,ਕਮਲਜੀਤ ਸਿੰਘ ਬੈਂਸ,ਸਲਿੰਦਰ ਰਾਣਾ ਅਤੇ ਹੋਰ ਮੈਂਬਰ ਹਾਜ਼ਰ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸਮਾਗਮ ਕਰਵਾਇਆ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸਮੇਸ ਨਗਰ ਟਾਂਡਾ ਵਿਖੇ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਗਏ ਜਿਸ ਵਿਚ ਭਾਈ ਜਸਬੀਰ ਸਿੰਘ ਦਸਮੇਸ ਨਗਰ ਟਾਂਡਾ ਅਤੇ ਭਾਈ ਸੁਰਜੀਤ ਸਿੰਘ ਟਾਂਡਾ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਅਤੇ ਸਿੱਖ ਕੌਮ ਦੇ ਕੁਰਬਾਨੀ ਭਰੇ ਇਤਿਹਾਸ ਤੋਂ ਜਾਣੂ ਕਰਵਾਇਆ। ਕਥਾਵਾਚਕ ਭਾਈ ਨਛੱਤਰ ਸਿੰਘ ਹੁਸ਼ਿਆਰਪੁਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਇਆ ਅਤੇ

ਅਤੇ ਗੁਰੂ ਸਹਿਬਾਨਾਂ ਵੱਲੋਂ ਦਰਸਾਏ ਗਏ ਸੇਵਾ,ਸਿਮਰਨ ਅਤੇ ਤਿਆਗ ਵਾਲੇ ਮਾਰਗ 'ਤੇ ਚਲਣ ਲਈ ਪ੍ਰੇਰਿਤ ਕੀਤਾ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗਿਆਨੀ ਜਗਮੋਹਨ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਮਨਜੀਤ ਸਿੰਘ, ਜਸਵੀਰ ਸਿੰਘ, ਸਰਬਜੀਤ ਸਿੰਘ, ਜਲੰਧਰ ਸਿੰਘ , ਮਾਸਟਰ ਜਸਵੀਰ ਸਿੰਘ, ਸਤਵਿੰਦਰ ਸਿੰਘ, ਗੁਰਜੀਤ ਸਿੰਘ, ਗੁਰਦਿਆਲ ਸਿੰਘ ,ਹਰਮਨਦੀਪ ਸਿੰਘ, ਲਵਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਬਲਜਿੰਦਰ ਸਿੰਘ, ਹਰਜਾਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

ਅੰਤਰ ਜ਼ਿਲ੍ਹਾ ਅੰਡਰ-14 ਸਟੇਟ ਟੇਬਲ ਟੈਨਿਸ ਟੂਰਨਾਮੈਂਟ ਸ਼ੁਰੂ

ਟਾਂਡਾ ਉੜਮੁੜ (ਉਕਾਰ ਸਿੰਘ, ਜਸਵਿੰਦਰ ਸੰਧੂ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੰਤਰ ਜ਼ਿਲ੍ਹਾ ਅੰਡਰ-14 ਸਟੇਟ ਟੇਬਲ ਟੈਨਿਸ ਟੂਰਨਾਮੈਂਟ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਟਾਂਡਾ ਵਿਚ ਸ਼ੁਰੂ ਹੋ ਗਿਆ। ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ),ਜ਼ਿਲ੍ਹਾ ਸਿੱਖਿਆ ਅਫਸਰ (ਐਲੇਮੈਂਟਰੀ ਸਿੱਖਿਆ) ਸੰਜੀਵ ਗੌਤਮ,ਉਪ ਜ਼ਿਲ੍ਹਾ ਸਿੱਖਿਆ ਅਫਸਰ ਧੀਰਜ ਵਸ਼ਿਸ਼ਟ, ਉਪ ਜ਼ਿਲ੍ਹਾ ਸਿੱਖਿਆ ਅਸਫਰ ਸੁਖਵਿੰਦਰ ਸਿੰਘ ਅਤੇ ਡੀ.ਐੱਮ. ਸਪੋਰਟਸ ਦਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ 2 ਦਸੰਬਰ ਤੱਕ ਚੱਲਣ ਵਾਲੇ ਇਸ ਟੂਰਨਾਮੈਂਟ ਦੇ ਉਦਘਾਟਨ ਸਮੇ ਚੇਅਰਮੈਨ ਤਰਲੋਚਨ ਸਿੰਘ ਵੱਲੋਂ ਸੂਬੇ ਭਰ ਤੋਂ ਆਏ ਖਿਡਾਰੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਇਸ ਦੌਰਾਨ ਪ੍ਰਿੰਸੀਪਲ ਮੁਨੀਸ਼ਾ ਸੰਗਰ, ਦਲਜੀਤ ਸਿੰਘ, ਡਾ. ਕੁਲਦੀਪ ਮਨਹਾਸ,ਉਂਕਾਰ ਸਿੰਘ ਧੁੱਗਾ,ਸੰਜੀਵ ਸ਼ਰਮਾ,ਬਿਕਰਮ ਸਿੰਘ ਦੀ ਦੇਖ ਰੇਖ ਵਿਚ ਸ਼ੁਰੂ ਹੋਏ ਮੁਕਾਬਲਿਆਂ ਦੌਰਾਨ ਪਹਿਲੇ ਮੁਕਾਬਲੇ ਵਿਚ ਐੱਸ.ਏ.ਐੱਸ. ਨਗਰ ਨੇ ਮਾਨਸਾ ਨੂੰ ਹਰਾਇਆ, ਅੰਮ੍ਰਿਤਸਰ ਦੀ ਟੀਮ ਨੇ ਸੰਗਰੂਰ ਨੂੰ , . ਲੁਧਿਆਣਾ ਨੇ ਪਠਾਨਕੋਟ ਨੂੰ, ਫਿਰੋਜ਼ਪੁਰ ਨੇ ਤਰਨਤਾਰਨ ਨੂੰ, ਮੁਕਤਸਰ ਨੇ ਹੁਸ਼ਿਆਰਪੁਰ ਨੂੰ, ਜਲੰਧਰ ਨੇ ਰੂਪਨਗਰ ਨੂੰ, ਐੱਸ.ਏ.ਐੱਸ.ਨਗਰ ਨੇ ਗੁਰਦਾਸਪੁਰ ਨੂੰ, ਲੁਧਿਆਣਾ ਨੇ ਫਤਹਿਗੜ੍ਹ ਸਾਹਿਬ ਨੂੰ, ਪਟਿਆਲਾ ਨੇ ਹੁਸ਼ਿਆਰਪੁਰ ਨੂੰ ਅਤੇ ਤਰਨਤਾਰਨ ਨੇ ਰੂਪ ਨਗਰ ਨੂੰ ਹਰਾਇਆ। ਇਸ ਦੌਰਾਨ ਪ੍ਰਬੰਧਕਾਂ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਪਹਿਲੇ ਦੋ ਦਿਨ ਲੜਕੀਆਂ ਦੇ ਅਤੇ ਅੰਤਿਮ ਦੋ ਦਿਨਾਂ ਵਿਚ ਲੜਕਿਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਡਾ. ਹਰਦੀਪ ਸਿੰਘ ਮਨਹਾਸ,ਵਿਕਾਸ ਮਹਾਜਨ, ਕਰਨਜੀਤ ਸੈਣੀ,ਨਰਿੰਦਰ ਸਿੰਘ,ਮਨਿੰਦਰ ਸਿੰਘ,ਜਸਵਿੰਦਰ ਸਿੰਘ,ਡਾ. ਜਸਪਾਲ ਸਿੰਘ,ਸੁਮੀਤ ਚੌਹਾਨ,ਹੈੱਡ ਮਾਸਟਰ ਅਮਰੀਕ ਸਿੰਘਗੁਰਵਿੰਦਰ ਸਿੰਘ ਪੰਨੂ,ਪ੍ਰਿਥੀਪਾਲ ਸਿੰਘ,ਅਜੈਬ ਸਿੰਘ, ਲਖਵੀਰ ਸਿੰਘ,ਹਰਦਿਆਲ ਸਿੰਘ, ਸੁਰੇਸ਼,ਜਗਬੰਧਨ, ਅਮਰਜੀਤ ਕੌਰ ਮੌਜੂਦ ਸਨ।

ਲਾਂਡਰਾਂ ਦੇ ਵਿਦਿਆਰਥੀਆਂ ਦਾ ਚੰਡੀਗੜ੍ਹ ਸਟੇਟ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ

ਮੋਹਾਲੀ, (ਗੁਰਜੀਤ ਸਿੰਘ ਬਿੱਲਾ):-ਚੰਡੀਗੜ੍ਹ ਸਟੇਟ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿੱਚ ਸੀਜੀਸੀ ਲਾਂਡਰਾ ਦੇ ਤਿੰਨ ਵਿਦਿਆਰਥੀਆਂ ਇਸ਼ਾਨ ਗਰਗ, ਦੀਪਕ ਅਤੇ ਰੋਹਨ ਦਾਸ ਗੁਪਤਾ ਨੇ ਉੱਚ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਆਈਟੀ ਇੰਜਨੀਅਰਿੰਗ ਦੇ ਵਿਦਿਆਰਥੀ ਈਸ਼ਾਨ ਨੇ ਸਕੁਐਟ, ਬੈਂਚ ਪ੍ਰੈਸ ਅਤੇ ਡੈੱਡ ਲਿਫਟ ਵਿੱਚ ਕੁੱਲ 525 ਕਿਲੋ ਭਾਰ ਚੁੱਕ ਕੇ 83 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ ਤਮਗਾ ਜਿੱਤਿਆ। ਸੀਜੀਸੀ ਲਾਂਡਰਾ ਤੋਂ ਫਾਰਮ ਡੀ ਕਰ ਰਹੇ ਦੀਪਕ ਨੇ 74 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਉਸ ਨੇ ਕੁੱਲ 482.5 ਕਿਲੋ ਭਾਰ ਚੁੱਕਿਆ। ਇਸੇ ਤਰ੍ਹਾਂ ਬੀ ਕਾਮ ਦੀ ਪੜ੍ਹਾਈ ਕਰ ਰਹੇ ਰੋਹਨ ਨੇ 59 ਕਿਲੋ ਭਾਰ ਵਰਗ ਵਿੱਚ ਕੁੱਲ 372.5 ਕਿਲੋ ਭਾਰ ਚੁੱਕ ਕੇ ਚਾਂਦੀ ਦਾ ਤਗ਼ਮਾ ਹਾਸਲ ਕੀਤਾ। ਜ਼ਿਕਰਯੋਗ ਹੈ ਕਿ ਅਕਤੂਬਰ 2022 ਦੇ ਮਹੀਨੇ ਦੌਰਾਨ ਕਰਵਾਈ ਆਈਕੇਜੀਪੀਟੀਯੂ ਅੰਤਰ ਕਾਲਜ ਵੇਟਲਿਫਟਿੰਗ, ਪਾਵਰਲਿਫਟਿੰਗ ਅਤੇ ਬੈਸਟ ਫਿਜ਼ਿਕ ਟੂਰਨਾਮੈਂਟ ਵਿੱਚ ਤਿੰਨੋਂ ਵਿਦਿਆਰਥੀਆਂ ਨੇ ਇੱਕ-ਇੱਕ ਸੋਨ ਤਗਮਾ ਵੀ ਹਾਸਲ ਕੀਤਾ ਸੀ। ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਿਦਿਆਰਥੀਆਂ ਨੇ ਕਿਹਾ ਕਿ ਉਹ ਹੁਣ ਅਗਲੇ ਸਾਲ ਪਾਵਰਲਿਫਟਿੰਗ ਇੰਡੀਆ ਵੱਲੋਂ ਕਰਵਾਏ ਜਾ ਰਹੇ ਕੌਮੀ ਪੱਧਰ ਦੇ ਪਾਵਰਲਿਫਟਿੰਗ ਮੁਕਾਬਲੇ ਦੀ ਤਿਆਰੀ 'ਤੇ ਆਪਣਾ ਧਿਆਨ ਕੇਂਦਰਿਤ ਕਰਨਗੇ। ਈਸ਼ਾਨ ਨੇ ਆਪਣੇ ਉਸ ਅਨੁਭਵ ਨੂੰ ਸਾਂਝਾ ਕੀਤਾ ਜਦੋਂ ਸੀਜੀਸੀ ਨੇ ਚੈਂਪੀਅਨਸ਼ਿਪਾਂ ਵਿੱਚ ਸਿਖਲਾਈ ਅਤੇ ਭਾਗ ਲੈਣ ਦੇ ਢੁੱਕਵੇਂ ਮੌਕੇ ਪ੍ਰਦਾਨ ਕਰ ਕੇ ਉਸ ਨੂੰ ਇੱਕ ਪਾਵਰ ਲਿਫਟਰ ਵਜੋਂ ਆਪਣੇ ਕਰੀਅਰ ਨੂੰ ਆਕਾਰ ਦੇਣ ਵਿੱਚ ਸਹਾਇਤਾ ਕੀਤੀ। ਇਸ਼ਾਨ ਨੇ ਕਿਹਾ ਕਿ ਉਸ

ਨੂੰ ਉਮੀਦ ਹੈ ਕਿ ਆਉਣ ਵਾਲੇ ਟੂਰਨਾਮੈਂਟਾਂ ਵਿੱਚ ਵੀ ਉਹ ਤਗਮੇ ਜਿੱਤ ਕੇ ਆਪਣੇ ਕਾਲਜ ਦਾ ਨਾਂਅ ਰੌਸ਼ਨ ਕਰੇਗਾ। ਅੰਤ ਵਿੱਚ ਸੀਜੀਸੀ ਲਾਂਡਰਾ ਦੇ ਚੇਅਰਮੈਨ ਸਤਨਾਮ ਸਿੰਘ ਸੰਧੂ ਅਤੇ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਭਵਿੱਖ ਦੇ ਟੂਰਨਾਮੈਂਟਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਕੋਮਲ ਮਿੱਤਲ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਜੋਂ ਸੰਭਾਲਿਆ ਅਹੁਦਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-2014 ਬੈਚ ਦੀ ਆਈ.ਏ.ਐਸ. ਅਫ਼ਸਰ ਕੋਮਲ ਮਿੱਤਲ ਨੇ ਹੁਸ਼ਿਆਰਪੁਰ ਵਿਚ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਉਨ੍ਹਾਂ ਕੋਲ ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਦਾ ਵੀ ਵਾਧੂ ਚਾਰਜ ਰਹੇਗਾ। ਇਸ ਤੋਂ ਪਹਿਲਾਂ ਉਹ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਵਿਚ ਵਧੀਕ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਅਹੁਦਾ ਸੰਭਾਲਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚ ਪੰਜਾਬ ਪੁਲਸ ਦੀ ਟੁਕੜੀ ਵਲੋਂ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਨਵ-ਨਿਯੁਕਤ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਨੂੰ ਆਮ ਜਨਤਾ ਤੱਕ ਨਿਰਵਿਘਨ ਪਹੁੰਚਾਇਆ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਜ਼ਿਕਰਯੋਗ ਹੈ ਕਿ ਕੋਮਲ ਮਿੱਤਲ ਵਧੀਕ ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ, ਵਧੀਕ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ, ਐਸ.ਡੀ.ਐਮ. ਮੁਕੇਰੀਆਂ ਤੋਂ ਇਲਾਵਾ ਹੋਰ ਕਈ ਪ੍ਰਸ਼ਾਸਕੀ ਅਹੁਦਿਆਂ 'ਤੇ ਸੇਵਾਵਾਂ ਦੇ ਚੁੱਕੇ ਹਨ। ਇਸ ਮੌਕੇ ਉਨ੍ਹਾਂ ਨਾਲ ਗੁਰਦਾਸਪੁਰ ਦੇ ਨਵ-ਨਿਯੁਕਤ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਦਲਜੀਤ ਕੌਰ, ਐਸ.ਡੀ.ਐਮ. ਦਸੂਹਾ ਓਜਸਵੀ ਅਲੰਕਾਰ, ਐਸ.ਡੀ.ਐਮ. ਮੁਕੇਰੀਆਂ ਕੰਵਲਜੀਤ ਸਿੰਘ, ਐਸ.ਡੀ.ਐਮ. ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ, ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਸਦਰ ਤੇ ਸਿਟੀ ਪੁਲਸ ਏਰੀਆ 'ਚ ਕੀਤਾ ਸਰਚ ਅਭਿਆਨ

ਕੁਰਾਲੀ (ਮੋਹਨ ਅੱਗਰਵਾਲ ਜੋਗਾ)- ਗੁਜਰਾਤ ਚੋਣਾਂ ਦੇ ਮੱਦੇਨਜਰ ਐਸ.ਐਸ.ਪੀ ਮੋਹਾਲੀ ਸੰਦੀਪ ਗਰਗ ਜੀ ਆਈ.ਪੀ.ਐਸ. ਅਤੇ ਆਬਕਾਰੀ ਕਮਿਸ਼ਨਰ ਵਰੁਣ ਰੂਜਮ ਆਈ.ਏ.ਐਸ. ਦੇ ਦਿਸ਼ਾ ਨਿਰਦੇਸ਼ਾਂ 'ਤੇ ਆਬਕਾਰੀ ਅਫਸਰ ਮੋਹਾਲੀ ਅਸ਼ੋਕ ਕਲੇਤਰਾ ਟੀਮ ਸਮੇਤ, ਥਾਣਾ ਸਦਰ ਕੁਰਾਲੀ ਅਤੇ ਥਾਣਾ ਸਿਟੀ ਕੁਰਾਲੀ ਵਲੋਂ ਇਕੱਠੇ ਸਰਚ ਅਭਿਆਨ ਵਿਕਰੇਤਾ, ਗੋਦਾਮਾਂ, ਕੋਲਡ ਮਿੱਲ ਸਟੋਰ ਵਿੱਚ ਕੀਤਾ ਗਿਆ। ਜਿਸ ਵਿੱਚ ਗੈਰ-ਕਾਨੂੰਨੀ ਆਬਕਾਰੀ ਸਟੋਰੇਜ, ਗੈਰ-ਕਾਨੂੰਨੀ ਨਾਜਾਇਜ ਬੋਤਲਾਂ ਦੀ ਵਿਕਰੀ ਅਤੇ ਟ੍ਰਾਂਸਫਰ

1-DEC-PAGE- 9.qxd 11/30/2022 10:16 PM Page 1

ਸੀਟੂ ਵੱਲੋਂ ਮਜ਼ਦੂਰਾਂ-ਮੁਲਾਜ਼ਮਾਂ ਦੀਆਂ ਭਖਵੀਆਂ ਮੰਗਾਂ ਸੰਬੰਧੀ ਰੋਸ ਮੁਜ਼ਾਹਰੇ ਕਰਕੇ ਮੰਗ ਪੱਤਰ ਦੇਣ ਦੇ ਸੱਦੇ

ਰੋਪੜ (ਬਿੰਦਰ) ਸੀਟੂ ਵਲੋਂ 2 ਦਸੰਬਰ ਤੱਕ ਪੰਜਾਬ ਦੀਆਂ ਸਭ ਡਵੀਜ਼ਨਾਂ ਅਤੇ ਜਿਲ੍ਹਾ ਹੈਡਕੁਆਰਟਰਾਂ ਤੇ ਮਜ਼ਦੂਰਾਂ ਮੁਲਾਜਮਾਂ ਦੀਆਂ ਭਖਵੀਆ ਮੰਗਾਂ ਸੰਬੰਧੀ ਰੋਸ ਮੁਜਾਹਰੇ ਕਰਕੇ ਮੰਗ ਪੱਤਰ ਦੇਣ ਦੇ ਸੱਦੇ ਤੇ ਜਿਲ੍ਹਾ ਹੈਡਕੁਆਰਟਰ ਰੋਪੜ ਤੇ ਆਸਾ ਫੈਸੀਲੀਟੇਟਰ ਵਰਕਰ ਯੂਦੇਨੀਅਨ ਸੀਟੂ ਦੀ ਜਿਲ੍ਹਾ ਪ੍ਰਧਾਨ ਅਤੇ ਸੂਬਾਈ ਜਨਰਲ ਸਕੱਤਰ ਕਾਮਰੇਡ ਸੁਰਜਿੰਦਰ ਕੌਰ ਸੀਮਾਂ ਦੀ ਪ੍ਰਧਾਨਗੀ ਹੇਠ ਮਹਾਰਾਜਾ ਰਣਜੀਤ ਸਿੰਘ ਬਾਗ ਵਿੱਚ ਰੋਹ ਭਰਪੂਰ ਰੈਲੀ ਹੋਈ। ਉਪਰੰਤ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਨਾਂ 'ਤੇ ਏ ਡੀ ਸੀ ਨੂੰ ਮੈਮੋਰੰਡਮ ਦਿੱਤਾ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਸੀਟੂ ਦੇ ਮੀਤ ਪ੍ਰਧਾਨ ਕਾਮਰੇਡ ਮਹਿੰਦਰ ਕੁਮਾਰ ਵਡੋਆਣਾ ਨੇ ਕਿਹਾ ਕਿ ਮੋਦੀ ਸਾਹਿਬ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਸਾਲ ਦੋ ਕਰੋੜ ਨੂੰ ਰੁਜਗਾਰ ਦੇਣ ਦਾ ਵਾਅਦਾ ਦੇਸ ਵਾਸੀਆਂ ਨਾਲ ਕੀਤਾ ਸੀ, ਉਸ ਹਿਸਾਬ ਨਾਲ 8 ਸਾਲਾਂ ਵਿੱਚ 16 ਕਰੋੜ ਬੇਰੁਜਗਾਰਾ ਨੂੰ ਮਿਲਣਾ ਚਾਹੀਦਾ ਸੀ ਪਰ ਮੋਦੀ ਸਰਕਾਰ ਨੇ ਨਵੇਂ ਰੁਜਗਾਰ ਪੈਦਾ ਕਰਨ ਦੀ ਬਜਾਏ ਆਪਣੇ ਚਹੇਤਿਆਂ ਨੂੰ ਲਾਭ ਦੇਣ ਵਾਲੇ ਸਰਕਾਰੀ ਅਦਾਰੇ ਕੌਡੀਆ ਦੇ ਭਾਅ ਦੇ ਦਿਤੇ। ਸਰਕਾਰੀ ਮਹਿਕਮਿਆਂ ਵਿੱਚ ਲਖਾਂ ਪੋਸਟਾਂ ਖਾਲੀ ਪਈਆਂ ਹਨ,ਪਰ ਨੌਜਵਾਨ ਵੇਲ੍ਹੇ ਫਿਰ ਰਹੇ ਹਨ । ਰੈਲੀ ਨੂੰ ਸੀਟੂ ਦੇ ਜਲ੍ਹਿਾ ਪ੍ਰਧਾਨ ਗੁਰਦੇਵ ਸਿੰਘ ਬਾਗੀ ਅਤੇ ਸੂਬਾ ਕਮੇਟੀ ਮੈਂਬਰ ਜਸਵੰਤ ਸਿੰਘ ਸੈਣੀ ਨੇ ਬੋਲਦਿਆਂ ਆਖਿਆ ਕਿ ਭਗਵੰਤ ਸਿੰਘ ਮਾਨ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਅਤੇ ਹੁਣ ਦੇ ਭਾਸਨਾਂ ਵਿਚ ਬਹੁਤ ਅੰਤਰ ਹੈ। ਬੀਬੀ ਸੁਖਜਿੰਦਰ ਕੌਰ ਸੀਮਾਂ ਨੇ ਕਿਹਾ ਕਿ ਵੋਟਾਂ ਤੋਂ ਪਹਿਲਾਂ ਮਾਨ ਸਾਹਿਬ ਜਿਹੜਾ ਹਰਾ ਪੈਨ ਲੋਕਾਂ ਦੇ ਮਸਲੇ ਹੱਲ ਕਰਵਾਉਣ ਲਈ ਧਰਨਿਆਂ ਤੇ ਮੁਜਾਹਰਿਆਂ ਵਿਚ ਦਿਖਾਂਦੇ ਸਨ, ਉਹ ਸਾਇਦ ਗੁਆਚ ਗਿਆ ਹੈ। ਉਹਨਾਂ ਆਖਿਆ ਕਿ ਪਿੰਡ,ਚ ਸਿਹਤ ਨਾਲ ਸੰਬੰਧਤ ਹਰ ਕਾਰਜ ਕਰਨ ਦੀ ਵੀ ਆਸਾ ਵਰਕਰਾਂ ਦੀ ਜੰਮਿਵਾਰੀ ਹੈ। ਇਹੀ ਆਸਾ ਵਰਕਰਾਂ ਦੀ ਮੰਗ ਹੈ ਕਿ ਸਾਨੂੰ ਪੱਕੇ ਮੁਲਾਜਮ ਬਣਾਇਆ ਜਾਵੇ,ਪਰ ਮਾਨ ਸਰਕਾਰ ਇਸ ਸਬੰਧੀ ਖਾਮੋਸ਼ ਹੈ। ਉਹਨਾਂ ਕਿਹਾ ਕਿ ਜਦ ਤਕ ਸਰਕਾਰ ਇਹ ਮੰਗ ਪੂਰੀ ਨਹੀਂ ਕਰਦੀ ਤਦ ਤਕ ਮਿਨੀਮਮ ਵੇਜ ਦੇ ਘੇਰੇ ਵਿੱਚ ਲਿਆ ਕੇ 2700 ਰੁਪਏ ਮਹੀਨਾ ਤਨਖਾਹ ਲਾਗੂ ਕਰੇ। ਅਖੀਰ ਵਿਚ ਇਕ ਮਤਾ ਪਾਸ ਕਰਕੇ ਬਾਬਾ ਰਾਮਦੇਵ ਵੱਲੋਂ ਔਰਤਾਂ ਪ੍ਰਤੀ ਬੋਲੀ ਗਈ ਅਪਮਾਨਿਤ ਭਾਸਾ ਦੀ ਨਿਖੇਦੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਬਾਬਾ ਰਾਮਦੇਵ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਹਰਿੰਦਰ ਕੌਰ, ਰਣਜੀਤ ਕੌਰ, ਬਲਜੀਤ ਕੌਰ ਪ੍ਰਧਾਨ ਨੂਰਪੁਰ ਬੇਦੀ, ਅਮਰਜੀਤ ਕੌਰ ਸਹਿਰੀ ਪ੍ਰਧਾਨ ਰੋਡੂ, ਗੁਲਵੰਤ ਕੌਰ ਪ੍ਰੈਸ ਸਕੱਤਰ ਅਤੇ ਬੀਬੀ ਸੁਮਨ ਨੇ ਵੀ ਵਿਚਾਰ ਪ੍ਰਗਟ ਕੀਤੇ।

ਪੰਚਾਇਤ ਸੰਮਤੀ ਕਰਮਚਾਰੀ ਯੂਨੀਅਨ ਦੀ ਹੜਤਾਲ ਜਾਰੀ

ਫਗਵਾੜਾ (ਡਾ. ਰਮਨ) ਪੰਚਾਇਤ ਸੰਮਤੀ ਕਰਮਚਾਰੀ ਯੂਨੀਅਨ ਬਲਾਕ ਫਗਵਾੜਾ ਵੱਲੋਂ ਕਲਮ ਛੋੜ ਹੜਤਾਲ ਬੁੱਧਵਾਰ 8ਵੇਂ ਦਿਨ ਵਿੱਚ ਦਾਖਲ ਹੋ ਗਈ। ਰੋਜ਼ ਦੀ ਤਰ੍ਹਾਂ ਪੰਜਾਬ ਸਰਕਾਰ ਅਤੇ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਸੰਬੋਧਨ ਕਰਦਿਆਂ ਪੰਚਾਇਤ ਸਕੱਤਰ ਯੂਨੀਅਨ ਦੇ ਬਲਾਕ ਪ੍ਰਧਾਨ ਸੰਜੀਵ ਕੁਮਾਰ ਅਤੇ ਜ਼ਿਲ੍ਹਾ ਕੈਸ਼ੀਅਰ ਮਲਕੀਤ ਚੰਦ ਨੇ ਕਿਹਾ ਕਿ ਪਿਛਲੇ ਅੱਠ ਦਿਨਾਂ ਤੋਂ ਸਮੂਹ ਮੁਲਾਜ਼ਮ ਹੜਤਾਲ 'ਤੇ ਹਨ ਅਤੇ ਦਫ਼ਤਰੀ ਕੰਮਕਾਜ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਪਰ ਭਗਵੰਤ ਮਾਨ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸੂਬਾ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਕਲਮਛੋੜ ਹੜਤਾਲ 1 ਦਸੰਬਰ ਤੱਕ ਜਾਰੀ ਰਹੇਗੀ ਅਤੇ 2 ਦਸੰਬਰ ਨੂੰ ਸਮੂਹ ਕਮੇਟੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੁਲਾਜ਼ਮ ਪੰਚਾਇਤਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰੀਸ਼ਦ ਦਫਤਰਾਂ ਮੂਹਰੇ ਧਰਨਾ ਦੇਣਗੇ। ਉਨ੍ਹਾਂ ਯੂਨੀਅਨ ਦੀਆਂ ਮੰਗਾਂ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹ ਦਿੱਤੀ ਜਾਵੇ, ਸਕੱਤਰਾਂ ਅਤੇ ਪੰਚਾਇਤ ਅਫਸਰਾਂ ਨੂੰ ਤਰੱਕੀ ਦੇ ਕੇ ਕਾਰਜਕਾਰੀ ਅਫਸਰ ਪੰਚਾਇਤ ਸੰਮਤੀ (ਈ.ਓ.ਪੀ.ਐਸ.) ਨਿਯੁਕਤ ਕੀਤਾ ਜਾਵੇ, ਸੀ.ਪੀ.ਐਫ ਦੀ ਰਾਸ਼ੀ ਸਮੇਂ ਸਿਰ ਮੁਲਾਜ਼ਮਾਂ ਦੇ ਖਾਤਿਆਂ ਵਿੱਚ ਜਮਾਂ ਹੋਵੇ, ਕਰਮਚਾਰੀਆਂ ਨੂੰ ਦੂਸਰੇ ਵਿਭਾਗਾਂ ਦਾ ਵਾਧੂ ਕੰਮ ਨਾ ਦਿੱਤਾ ਜਾਵੇ, ਖਾਲੀ ਅਸਾਮੀਆਂ ਭਰੀਆਂ ਜਾਣ ਤੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਤੋਂ ਇਲਾਵਾ ਯੂਨੀਅਨ ਦੇ ਅਧਿਕਾਰੀਆਂ ਨਾਲ ਦੁਰਵਿਵਹਾਰ ਕਰਨ ਵਾਲੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਦੀ ਬਦਲੀ ਲਈ ਸੰਘਰਸ਼ ਸੰਘਰਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਮੰਗਾਂ ਪੂਰੀਆਂ ਹੋਣ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਸੁਲੱਖਣ ਸਿੰਘ ਟੀ.ਸੀ., ਜਸਕਰਨ ਵਰਮਾ ਟੀ.ਏ., ਅਮਨਦੀਪ ਜੇ.ਈ., ਏ.ਪੀ.ਓ. ਸੁਰਿੰਦਰਪਾਲ ਸਿੰਘ, ਜੀਆਰਐਸ ਤਲਵਿੰਦਰ ਸਿੰਘ ਭੁੱਲਰ, ਵੀਡੀਓ ਬਿੰਦਰ ਸਿੰਘ, ਸੁਰਿੰਦਰ ਪਟਵਾਰੀ, ਸਰਪੰਚ ਗੁਲਜ਼ਾਰ ਸਿੰਘ ਅਕਾਲਗੜ੍ਹ, ਕੁਲਦੀਪ ਸਿੰਘ ਘੁੰਮਣ, ਕਾਮ ਰਣਦੀਪ ਸਿੰਘ ਰਾਣਾ, ਓਮ ਪ੍ਰਕਾਸ਼ ਸਰਪੰਚ ਵਜੀਦੋਵਾਲ, ਰਾਮਪਾਲ ਸਰਪੰਚ ਸਾਹਨੀ, ਅਮਰੀਕ ਸਿੰਘ ਡੋਲ, ਸੁਰਜੀਤ ਸਿੰਘ, ਉਮੇਸ਼, ਭੁਪਿੰਦਰ ਸਿੰਘ , ਸੁਨੀਤਾ ਰਾਣੀ, ਅਨੀਤਾ ਰਾਣੀ, ਨਛੱਤਰ ਸਿੰਘ, ਜੋਗਿੰਦਰ ਸਿੰਘ, ਨਿਰਮਲਜੀਤ, ਸੁਰਜੀਤ ਕੌਰ, ਬੀਬੀ ਸੰਤੋਸ਼ ਕੁਮਾਰੀ ਆਦਿ ਹਾਜ਼ਰ ਸਨ।

ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡੀਆਂ

ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)-ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਦਾ ਵਾਸ ਹੋ ਸਕਦਾ ਹੈ ਅਤੇ ਸਰੀਰ ਨੂੰ ਤੰਦਰੁਸਤ ਤੇ ਮਜ਼ਬੂਤ ਬਣਾਉਣ ਲਈ ਖੇਡਾਂ ਜਰੂਰੀ ਹਨ। ਇਹ ਗੱਲ ਕੈਂਬਰਿਜ ਅਰਥ ਸਕੂਲ ਦੇ ਪ੍ਰਧਾਨ ਅਤੇ ਖੇਡ ਪ੍ਰਮੋਟਰ ਗਗਨ ਵੈਦ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਵਿਖੇ ਹੋਏ ਸਮਾਗਮ ਦੌਰਾਨ ਕਹੀ। ਵੈਦ ਇਸ ਮੌਕੇ ਵੈਦ ਜਵੈਲਰਜ਼ ਦੀ ਤਰਫੋਂ ਟਾਂਡਾ ਬਾਸਕਟਬਾਲ ਕਲੱਬ ਦੇ ਜੂਨੀਅਰ ਅਤੇ ਸੀਨੀਅਰ ਖਿਡਾਰੀਆਂ ਨੂੰ ਖੇਡ ਕਿੱਟਾਂ, ਟਰੈਕ ਸੂਟ ਵੰਡ ਰਹੇ ਸਨ। ਕਲੱਬ ਦੇ ਸਰਪ੍ਰਸਤ ਭਗਤ ਸਿੰਘ ਅਮਰੀਕਾ, ਕੋਚ ਬ੍ਰਿਜ ਮੋਹਨ ਸ਼ਰਮਾ, ਸੁਖਵੀਰ ਸਿੰਘ, ਅਮਨਦੀਪ ਸਿੰਘ, ਚੈਰੀ, ਮੋਨੂੰ ਦੀ ਅਗਵਾਈ ਹੇਠ ਹੋਏ ਸਮਾਗਮ ਦੌਰਾਨ ਗਗਨ ਵੈਦ ਨੇ ਖਿਡਾਰੀਆਂ ਦੀ ਹੌਸਲਾ ਅਫਜਾਈ ਲਈ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਵੈਦ ਨੇ ਖਿਡਾਰੀਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਕਿਹਾ ਕਿ ਅਗਾਂਹਵਧੂ ਅਤੇ ਆਧੁਨਿਕ ਬਣਨ ਦੀ ਦੌੜ ਵਿਚ ਅਸੀਂ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹਾਂ। ਅਸੀਂ ਖੇਡਾਂ ਦੀ ਮਹੱਤਤਾ ਨੂੰ ਭੁੱਲਦੇ ਜਾ ਰਹੇ ਹਾਂ। ਅੱਜ ਦੇ ਬੱਚੇ ਮੋਬਾਈਲ, ਲੈਪਟਾਪ ਅਤੇ ਵੀਡੀਓ ਗੇਮਾਂ ਵਿੱਚ ਹੀ ਗੇਮਾਂ ਖੇਡਦੇ ਹਨ। ਪਰ ਬੱਚਿਆਂ ਦੇ ਵਧਦੇ ਵਿਕਾਸ ਦੇ ਨਾਲ ਖੇਡਾਂ ਦੀ ਮਹੱਤਤਾ ਨੂੰ ਜਾਣਨਾ ਜਰੂਰੀ ਹੈ। ਘਰ ਵਿਚ ਖੇਡੀਆਂ ਜਾਣ ਵਾਲੀਆਂ ਖੇਡਾਂ ਹੀ ਮਨੋਰੰਜਨ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਰਾਹੀਂ ਮਨ ਨੂੰ ਕਸਰਤ ਤਾਂ ਮਿਲਦੀ ਹੈ ਪਰ ਸਰੀਰ ਨੂੰ ਕਸਰਤ ਨਹੀਂ ਹੁੰਦੀ। ਮੈਦਾਨ ਵਿਚ ਖੇਡੀਆਂ ਜਾਣ ਵਾਲੀਆਂ ਖੇਡਾਂ ਨਾਲ ਹੀ ਸਰੀਰਕ ਕਸਰਤ ਹੁੰਦੀ ਹੈ। ਇਸ ਲਈ ਸਾਨੂੰ ਖੇਡਾਂ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਅਤੇ ਖੇਡਾਂ ਵੱਲ ਵਿਸੇਸ ਧਿਆਨ ਦੇਣਾ ਚਾਹੀਦਾ ਹੈ।

ਵੈਦ ਨੇ ਕਿਹਾ ਕਿ ਖੇਡਾਂ ਜੀਵਨ ਵਿੱਚ ਪੜ੍ਹਾਈ ਦੇ ਬਰਾਬਰ ਮਹੱਤਵ ਰੱਖਦੀਆਂ ਹਨ। ਖੇਡਾਂ ਅਤੇ ਖੇਡਾਂ ਨਾ ਸਿਰਫ ਵਿਦਿਆਰਥੀਆਂ ਦਾ ਮਨੋਰੰਜਨ ਕਰਦੀਆਂ ਹਨ ਸਗੋਂ ਉਨ੍ਹਾਂ ਦੀ ਸਿਹਤ ਨੂੰ ਵੀ ਸੰਪੂਰਨ ਬਣਾਉਂਦੀਆਂ ਹਨ। ਜੇਕਰ ਬੱਚੇ ਖੁਸ ਅਤੇ ਤੰਦਰੁਸਤ ਰਹਿਣਗੇ ਤਾਂ ਉਹ ਆਪਣੀ ਪੜ੍ਹਾਈ ਵੱਲ ਵੀ ਧਿਆਨ ਦੇਣਗੇ। ਇਸ ਮੌਕੇ ਕਲੱਬ ਦੀ ਤਰਫੋਂ ਖੇਡ ਪ੍ਰਮੋਟਰ ਵੈਦ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਐਮ.ਸੀ. ਆਸੂ ਵੈਦ, ਚਰਨਜੀਤ ਸਿੰਘ ਗੁਰਾਇਆ, ਪਰਮਿੰਦਰ ਸਿੰਘ, ਬੀਰਾ ਝਾਂਵਾ, ਗੁਰਦੀਪ ਸਿੰਘ ਅਤੇ ਕਲੱਬ ਦੀ ਸਮੂਹ ਟੀਮ ਹਾਜ਼ਰ ਸਨ।

ਡਾ. ਬੀ.ਆਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਨੇ ਹਦੀਆਬਾਦ 'ਚ ਮਨਾਇਆ ਸੰਵਿਧਾਨ ਦਿਵਸ

ਫਗਵਾੜਾ (ਡਾ. ਰਮਨ) ਡਾ. ਬੀ.ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਵੱਲੋਂ ਸੰਵਿਧਾਨ ਦਿਵਸ ਨੂੰ ਸਮਰਪਿਤ ਇਕ ਸਮਾਗਮ ਡਾ. ਬੀ.ਆਰ. ਅੰਬੇਡਕਰ ਪਾਰਕ ਨਕੋਦਰ ਰੋਡ ਹਦੀਆਬਾਦ ਵਿਖੇ ਸੁਸਾਇਟੀ ਦੀ ਪ੍ਰਧਾਨ ਸ੍ਰੀਮਤੀ ਸੀਤਾ ਕੌਲ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਦੌਰਾਨ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਭੰਤੇ ਕਰੁਣਾਸ਼ੀਲ ਰਾਹੁਲ ਅਤੇ ਭਿਕਸ਼ੁਣੀ ਸੁਨੀਤੀ ਨਾਗਪੁਰ ਨੇ ਸਮਾਗਮ ਦਾ ਸ਼ੁੱਭ ਆਰੰਭ ਕਰਵਾਉਣ ਉਪਰੰਤ ਰੂਪ ਲਾਲ ਗੱਡੂ ਦੇ ਪਰਵਾਰ ਵਲੋਂ ਆਪਣੇ ਪੁਰਖਿਆਂ ਦੀ ਨਿੱਘੀ ਯਾਦ ਵਿਚ ਤਿਆਰ ਕਰਵਾ ਕੇ ਪਾਰਕ ਵਿਚ ਸਥਾਪਿਤ ਕਰਵਾਏ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਵਿਧਾਨ ਵਾਲੇ ਸਟੈਚੂ ਦੀ ਘੁੰਡ ਚੁਕਾਈ ਕਰਵਾਈ। ਉਪਰੰਤ ਬੱਚਿਆਂ ਨੇ ਬੁੱਧ ਵੰਦਨਾ ਕਰਕੇ ਰੰਗਾਰੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਪਰੰਤ ਕੋਰੀਓਗਰਾਫੀ, ਮਿਸ਼ਨਰੀ ਗੀਤ, ਕਵਿਤਾ ਆਦਿ ਰਾਹੀਂ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ਾਂ ਬਾਰੇ ਚਾਨਣਾ ਪਾਇਆ ਗਿਆ। ਕੋਰੀਓਗਰਾਫੀ ਗੀਤਾਂ 'ਚ ਹਿੱਸਾ ਲੈਣ ਵਾਲੇ ਸਮੂਹ ਸਕੂਲੀ ਵਿਦਿਆਰਥੀਆਂ ਨੂੰ ਅਮਰਜੀਤ ਬੰਗੜ ਨਿਊਜੀਲੈਂਡ ਵਲੋਂ ਸੰਵਿਧਾਨ ਦਿਵਸ ਦੀ ਖੁਸ਼ੀ 'ਚ ਤੋਹਫੇ ਵਜੋਂ ਵਰਦੀਆਂ ਭੇਂਟ ਕੀਤੀਆਂ ਗਈਆਂ। ਵੱਖ ਵੱਖ ਬੁਲਾਰਿਆਂ ਨੇ ਆਪੋ ਆਪਣੇ ਸੰਬੋਧਨ ਵਿਚ ਸਮੂਹ ਹਾਜਰੀਨ ਨੂੰ ਸੰਵਿਧਾਨ ਦਿਵਸ ਦੀ ਵਧਾਈ ਦਿੱਤੀ ਅਤੇ ਦੱਸਿਆ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀ ਅਣਥਕ ਮਿਹਨਤ ਸਦਕਾ ਤਿਆਰ ਹੋਇਆ ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਸੰਸਦ ਵਿਚ ਪਾਸ ਹੋਇਆ ਸੀ। ਜਿਸ ਕਰਕੇ ਇਸ ਦਿਨ ਨੂੰ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਬਾਅਦ ਵਿਚ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਕਰਕੇ ਭਾਰਤ ਨੂੰ ਇਕ ਗਣਤੰਤਰ ਦੇਸ਼ ਹੋਣ ਦਾ ਦਰਜਾ ਪ੍ਰਾਪਤ ਹੋਇਆ। ਉਹਨਾਂ ਬਾਬਾ ਸਾਹਿਬ ਦੀ ਸੋਚ ਤੇ ਪਹਿਰਾ ਦਿੰਦਿਆਂ ਸਮਾਜ ਵਿਚ ਫੈਲੀਆਂ ਜਾਤ-ਪਾਤ ਦੀਆਂ ਕੁਰੀਤੀਆਂ ਨੂੰ ਖਤਮ ਕਰਨ ਦਾ ਪ੍ਰਣ ਵੀ ਲਿਆ। ਸੁਸਾਇਟੀ ਦੇ ਚੇਅਰਮੈਨ ਰਮੇਸ਼ ਕੌਲ ਸਾਬਕਾ ਵਾਰਡ ਕੌਂਸਲਰ ਨੇ ਦੱਸਿਆ ਕਿ ਡਾ. ਅੰਬੇਡਕਰ ਪਾਰਕ ਵਿਚ ਫਰੀ ਆਈਲਟਸ ਅਤੇ ਕੰਪਿਊਟਰ ਸਿਖਲਾਈ ਸੈਂਟਰ ਵੀ ਚਲਾਇਆ ਜਾ ਰਿਹਾ ਹੈ। ਜਿਸਦਾ ਸਾਰਾ ਖਰਚਾ ਮਦਨ ਸਰੋਆ ਯੂ.ਕੇ. ਵਲੋਂ ਕੀਤਾ ਜਾਂਦਾ ਹੈ। ਸਮਾਗਮ ਦੌਰਾਨ ਆਜਾਦ ਰੰਗ ਮੰਚ ਵਲੋਂ ਸਾਹਿਬ ਕਾਂਸ਼ੀ ਰਾਮ, ਡਾ. ਅੰਬੇਡਕਰ, ਮਾਤਾ ਸਵਿੱਤਰੀ ਬਾਈ ਫੂਲੇ ਅਤੇ ਛਤਰਪਤੀ ਸਾਹੂ ਜੀ ਮਹਾਰਾਜ ਦੇ ਜੀਵਨ ਤੇ ਅਧਾਰਿਤ ਨਾਟਕ ਪੇਸ਼ ਕੀਤੇ ਗਏ। ਉਹਨਾਂ ਸਮੂਹ ਹਾਜਰੀਨ ਦਾ ਸਮਾਗਮ ਵਿਚ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਰਾਮ ਲੁਭਾਇਆ ਕਲਸੀ, ਬਿਹਾਰੀ ਲਾਲ ਮਾਹੀ, ਜੱਗੀ ਬੰਗੜ, ਐਚ.ਐਲ. ਕੌਲ, ਸੁਰਿੰਦਰ ਕੌਲ, ਅਵਤਾਰ ਕਜਲਾ, ਹਰਬੰਸ ਕੌਲ, ਮੱਖਣ ਚੌਹਾਨ ਨਵਾਂਸ਼ਹਿਰ, ਐਡਵੋਕੇਟ ਰਣਜੀਤ ਕੁਮਾਰ ਹੁਸ਼ਿਆਰਪੁਰ, ਹਰਭਜਨ ਸੁਮਨ, ਐਡਵੋਕੇਟ ਵਿਜੇ ਬੱਧਣ, ਐਡਵੋਕੇਟ ਕੁਲਦੀਪ ਭੱਟੀ, ਸਰਬਜੀਤ ਕੌਰ, ਕਿਰਨਾ, ਸੋਨੀਆ, ਤਾਨੀਆ, ਪ੍ਰੀਆ, ਦਵਿੰਦਰ ਕੌਰ ਗੱਡੂ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਰਵੀ ਗੱਡੂ, ਰੇਖਾ ਕੰਪਿਊਟਰ ਟੀਚਰ, ਨਿਸ਼ੀ, ਬਲਦੇਵ ਬਾਮਣੀਆ, ਦੇਵਰਾਜ ਸੁਮਨ, ਮਨਜੀਤ ਸਿੰਘ ਬਿੰਦ, ਸਤਪਾਲ ਬੈਂਕ ਮੈਨੇਜਰ, ਨਿਰਮਲ ਗੁੜਾ, ਸੁਰਿੰਦਰ ਬੱਬੂ, ਧੰਮਾ ਬੇਗ, ਮੋਹਨ ਲਾਲ ਗੱਡੂ, ਦੇਵ ਵਿਰਕ, ਆਰ.ਕੇ. ਬਾਂਸਲ, ਬੀਬਾ ਕੁਲਵੰਤ, ਮਾਸਟਰ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

ਖੇੜਾ ਕੋਟਲੀ ਦੇ ਪ੍ਰਾਇਮਰੀ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਖੇਡਾਂ 'ਚ ਮਾਰੀਆਂ ਮੱਲਾਂ

ਦਸੂਹਾ (ਲਵਜੀਤ ਸਿੰਘ)- ਦਸੂਹਾ ਦੇ ਪਿੰਡ ਖੇੜਾ ਕੋਟਲੀ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਖੇੜਾ ਕੋਟਲੀ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਸਾਹਿਲ ਸਿੰਘ ਦੀ ਜ਼ੋਨ ਰਾਜ ਪੱਧਰੀ ਖੇਡਾਂ ਵਿੱਚ ਸ਼ਤਰੰਜ ਖੇਡ ਵਿੱਚ ਚੋਣ ਹੋਈ ਹੈ। ਇਸ ਹੋਣਹਾਰ ਵਿਦਿਆਰਥੀ ਨੇ ਜਿਲ੍ਹਾ ਪੱਧਰ 'ਤੇ ਸ਼ਤਰੰਜ ਦੀ ਖੇਡ ਵਿੱਚ ਪਹਿਲਾ ਸਥਾਨ ਪ੍

1-DEC-PAGE-1.qxd 11/30/2022 9:18 PM Page 2

ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਨੰਨ੍ਹੇ-ਮੁੰਨਿਆਂ ਨੇ ਮਨਾਇਆ 'ਫਰੂਟ ਡੇਅ'

ਜਗਰਾਉਂ (ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਅੱਜ ਪਲੇਅ-ਵੇਅ ਦੇ ਨਿੱਕੇ-ਨਿੱਕੇ ਬੱਚਿਆਂ ਨੇ 'ਫਰੂਟ ਡੇਅ' ਮਨਾਉਂਦੇ ਹੋਏ ਇੱਕ ਗਤੀਵਿਧੀ ਕੀਤੀ। ਜਿਸ ਵਿਚ ਉਹ ਆਪਣੇ ਘਰਾਂ ਤੋਂ ਆਪਣੀ ਮਨਪਸੰਦ ਦੇ ਅਲੱਗ-ਅਲੱਗ ਕਿਸਮ ਦੇ ਫਲ ਲੈ ਕੇ ਆਏ ਅਤੇ ਬੱਚਿਆਂ ਨੇ ਅਧਿਆਪਕਾਂ ਦੀ ਮਦਦ ਨਾਲ ਫਲਾਂ ਨੂੰ ਸਜਾਵਟ ਵਿਚ ਰੱਖਦੇ ਹੋਏ ਉਹਨਾਂ ਦੇ ਰੰਗਾਂ ਦੀ ਪਹਿਚਾਣ ਕਰਨੀ ਵੀ ਸਿੱਖੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਬੋਲਦਿਆਂ ਕਿਹਾ ਕਿ ਇਹਨਾਂ ਨੰਨ੍ਹੇ-ਮੁੰਨਿਆਂ ਨੇ ਅੱਜ ਇੱਕ ਨਹੀਂ ਬਲਕਿ ਦੋ ਗਤੀਵਿਧੀਆਂ ਕੀਤੀਆਂ ਹਨ ਜਿਸ ਵਿਚ ਫਲਾਂ ਦੀ ਮਹੱਤਤਾ ਅਤੇ ਰੰਗਾਂ ਦੀ ਪਹਿਚਾਣ ਕਰਨੀ ਵੀ ਸਿੱਖੀ। ਸਮੇਂ ਦੀ ਤੇਜ਼ ਚਾਲ ਵਿੱਚ ਅੱਜ ਦੇ ਇਹਨਾਂ ਛੋਟੇ ਵਿਦਿਆਰਥੀਆਂ ਨੂੰ ਜਿੰਨਾ ਗਿਆਨ ਦਿੱਤਾ ਜਾ ਸਕੇ ਉਨਾ ਹੀ ਥੋੜ੍ਹਾ ਹੈ। ਅਸੀਂ ਸਮੇਂ-ਸਮੇਂ ਮੁਤਾਬਕ ਆਪਣੇ ਅਧਿਆਪਕਾਂ ਨੂੰ ਬੱਚਿਆਂ ਦੀ ਬਹੁ-ਪੱਖੀ ਸ਼ਖਸੀਅਤ ਬਣਾਉਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਾਂ। ਇਸ ਤੋਂ ਇਲਾਵਾ ਉਹਨਾਂ ਨੇ ਫਲਾਂ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਇਹ ਪੌਸ਼ਟਿਕ ਆਹਾਰ ਹੈ ਜੋ ਕਿ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਾਧੇ ਲਈ ਬਹੁਤ ਹੀ ਜ਼ਰੂਰੀ ਹਨ। ਬੱਚਿਆਂ ਨੂੰ ਭੋਜਨ ਦੇ ਨਾਲ-ਨਾਲ ਫਲਾਂ ਦਾ ਵੀ ਸੇਵਨ ਰੋਜ਼ਾਨਾ ਕਰਨਾ ਚਾਹੀਦਾ ਹੈ। ਇਸ ਮੌਕੇ ਮੈਨੇਜ਼ਮੈਂਟ ਵਿਚ ਅਜਮੇਰ ਸਿੰਘ ਰੱਤੀਆਂ ਅਤੇ ਸਤਵੀਰ ਸਿੰਘ ਨੇ ਵੀ ਬੱਚਿਆਂ ਦੀ ਇਸ ਗਤੀਵਿਧੀ ਨੂੰ ਸਲਾਹਿਆ।

ਗੁਰੂਕੁਲ ਕਾਨਵੈਂਟ ਹਾਈ ਸਕੂਲ 'ਚ ਸੱਭਿਆਚਾਰਕ ਮੇਲਾ

ਬਰੇਟਾ (ਰੀਤਵਾਲ)-ਪਿਛਲੇ ਦਿਨੀਂ ਗੁਰੂਕੁਲ ਕਾਨਵੈਂਟ ਹਾਈ ਸਕੂਲ ਵਿੱਚ ਸੱਭਿਆਚਾਰਕ ਮੇਲਾ ਆਯੋਜਿਤ ਕਰਵਾਇਆ ਗਿਆ। ਇਸ ਮੌਕੇ ਤੇ ਸਕੂਲ ਦੀ ਪ੍ਰਿੰਸੀਪਲ ਆਸ਼ਾ ਰਾਣੀ ਅਤੇ ਚੇਅਰਮੈਨ ਭੁਪਿੰਦਰ ਸਿੰਘ ਨੇ ਕਿਹਾ ਕਿ ਅਸੀ ਦਿਨੋਂ-ਦਿਨ ਕੰਮਾਂ ਵਿੱਚ ਰੁੱਝੇ ਹੋਣ ਕਰਕੇ ਸੱਭਿਅਤਾ ਨੂੰ ਭੁੱਲ ਰਹੇ ਹਾਂ। ਗੱਲ ਕਰੀਏ ਫੁੱਲਕਾਰੀ, ਪਿੱਤਲ ਦੇ ਭਾਂਡੇ, ਟਿੰਡਾਂ, ਦਰੀਆਂ, ਖੇਸ ਦੀ ਤਾਂ ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਦੇ ਨਾਂ ਤੱਕ ਨਹੀਂ ਪਤਾ। ਮਾਂ ਬੋਲੀ ਦੇ ਨਾਲ ਨਾਲ ਸਾਡਾ ਰਹਿਣ-ਸਹਿਣ, ਖਾਣ ਪੀਣ ਅਤੇ ਪਹਿਰਾਵੇ ਵਿਚ ਵੀ ਤਬਦੀਲੀ ਆ ਰਹੀ ਹੈ। ਅਜੋਕੇ ਸਮੇਂ ਦੇ ਵਿੱਚ ਲੋੜ ਹੈ ਜਾਗਰੂਕਤਾ ਦੀ ਕਿਉਂਕਿ ਆਧੁਨਿਕ ਤਬਦੀਲੀ ਨੇ ਸਾਡੇ ਸੱਭਿਆਚਾਰ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂਕੁਲ ਸਕੂਲ ਵੱਲੋਂ ਬੱਚਿਆਂ ਨੂੰ ਉਨ੍ਹਾਂ ਦੇ ਸੱਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਉਹ ਆਪਣੇ ਸੱਭਿਆਚਾਰ ਦੀ ਮਹੱਤਤਾ ਨੂੰ ਸਮਝ ਸਕਣ ਅਤੇ ਯਾਦ ਰੱਖ ਸਕਣ। ਸੱਭਿਆਚਾਰਕ ਮੇਲੇ ਵਿੱਚ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਸ਼ਿਰਕਤ ਕਰਕੇ ਮੇਲੇ ਦੀ ਸ਼ੋਭਾ ਵਿੱਚ ਵਾਧਾ ਕੀਤਾ। ਉਹਨਾਂ ਵੱਲੋਂ ਸੱਭਿਅਤਾ ਦੀ ਮਹੱਤਤਾ ਬਾਰੇ ਦੱਸਦਿਆਂ ਬੱਚਿਆਂ ਨੂੰ ਸਭਿਆਚਾਰ ਵੱਲ ਪ੍ਰੇਰਿਤ ਕੀਤਾ ਗਿਆ। ਬੱਚਿਆਂ ਦੇ ਮਾਤਾ-ਪਿਤਾ ਨੇ ਵੀ ਸੱਭਿਆਚਾਰਕ ਮੇਲੇ ਵਿੱਚ ਸ਼ਾਮਲ ਹੋ ਕੇ ਸਾਡਾ ਸਾਥ ਦਿੱਤਾ। ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪ੍ਰਦਰਸ਼ਨ ਕੀਤੇ ਗਏ। ਇਸ ਦਿਨ ਸੱਭਿਆਚਾਰ ਨਾਲ ਸੰਬੰਧਤ ਖੇਡਾਂ ਵੀ ਕਰਵਾਈਆਂ ਗਈਆਂ। ਬੱਚਿਆਂ ਦੇ ਮਾਤਾ-ਪਿਤਾ ਵੱਲੋਂ ਵੀ ਕੁਝ ਗਤੀਵਿਧੀਆਂ ਕਰਵਾਈਆਂ ਗਈਆਂ। ਅੰਤ ਵਿੱਚ ਜੇਤੂ ਖਿਡਾਰੀਆਂ ਨੂੰ ਇਨਾਮ ਦੇ ਕੇ ਉਤਸ਼ਾਹਤ ਕੀਤਾ ਗਿਆ।

ਆਪ ਆਗੂ ਦੀ ਘਰਵਾਲੀ ਕੋਲੋਂ ਸੋਨੇ ਦੀ ਚੈਨੀ ਖੋਹੀ, ਸੀ ਸੀ ਟੀ ਵੀ 'ਚ ਕੈਦ ਲੁਟੇਰੇ

ਖੰਨਾ (ਸੁਖਵਿੰਦਰ ਸਿੰਘ ਭਾਦਲਾ ਪਰਮਿੰਦਰ ਸਿੰਘ ਮੈਨੂੰ) ਸ਼ਹਿਰ ਅੰਦਰ ਲੁੱਟ ਖੋਹਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸੇ ਤਹਿਤ ਹੁਣ ਲੁਟੇਰਿਆਂ ਨੇ ਆਮ ਆਦਮੀ ਪਾਰਟੀ ਦੇ ਆਗੂ ਦੀ ਪਤਨੀ ਨੂੰ ਨਿਸ਼ਾਨਾ ਬਣਾਇਆ। ਐਕਟਿਵਾ 'ਤੇ ਸਵਾਰ 'ਆਪ' ਆਗੂ ਦੀ ਪਤਨੀ ਦੇ ਗਲੇ 'ਚੋਂ ਸੋਨੇ ਦੀ ਚੈਨੀ ਖੋਹ ਲਈ ਗਈ। ਪੁਲਸ ਨੇ ਰਵਨੀਤ ਕੌਰ ਪਤਨੀ ਸੁਰਿੰਦਰ ਸਿੰਘ ਵਾਸੀ ਸਾਹਮਣੇ ਪ੍ਰੀਤਮ ਪੈਟਰੋਲ ਪੰਪ ਅਮਲੋਹ ਰੋਡ ਖੰਨਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਅਣਪਛਾਤੇ ਵਿਅਕਤੀਆਂ ਖਿਲਾਫ ਆਈ ਪੀ ਸੀ ਦੀ ਧਾਰਾ 379ਬੀ ਤਹਿਤ ਕੇਸ ਦਰਜ ਕੀਤਾ। ਸ਼ਿਕਾਇਤਕਰਤਾ ਅਨੁਸਾਰ ਉਹ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਛਾਬੜਾ ਮੈਡੀਕਲ ਸਟੋਰ 'ਤੇ ਦਵਾਈ ਲੈਣ ਗਈ ਸੀ। ਜਦੋਂ ਦਵਾਈ ਲੈ ਕੇ ਵਾਪਸ ਆ ਰਹੀ ਸੀ ਤਾਂ ਪ੍ਰੀਤਮ ਪੈਟਰੋਲ ਪੰਪ ਦੇ ਸਾਹਮਣੇ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਆ ਕੇ ਉਸ ਦੇ ਗਲੇ 'ਚੋਂ ਸੋਨੇ ਦੀ ਚੈਨੀ ਝਪਟ ਮਾਰ ਕੇ ਖੋਹ ਲਈ ਅਤੇ ਫਰਾਰ ਹੋ ਗਏ। ਮਾਮਲੇ ਦੀ ਜਾਂਚ ਕਰ ਰਹੇ ਏਐਸਆਈ ਸਤਨਾਮ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਸੀਸੀਟੀਵੀ ਫੁਟੇਜ ਹਾਸਲ ਕਰ ਲਈ ਹੈ। ਫੁਟੇਜ ਦੇ ਆਧਾਰ 'ਤੇ ਲੁਟੇਰਿਆਂ ਦੀ ਭਾਲ ਕੀਤੀ ਜਾ ਰਹੀ ਹੈ।

ਸਿਟੀ ਹਾਰਟ ਸਕੂਲ ਮਮਦੋਟ ਦੇ ਵਿਦਿਆਰਥੀਆਂ ਨੇ ਫਿਰ ਮਾਰੀਆਂ ਮੱਲਾਂ

ਮਮਦੋਟ (ਜਸਬੀਰ ਸਿੰਘ ਕੰਬੋਜ)-ਪ੍ਰਧਾਨ ਮੰਤਰੀ ਯਸ਼ਸਵੀ ਸਕਾਲਰਸ਼ਿਪ 2022 ਸੰਬੰਧੀ 25 ਸਤੰਬਰ ਨੂੰ ਪੂਰੇ ਭਾਰਤ ਵਿਚ ਓ ਬੀ ਸੀ (ਕੈਟਾਗਿਰੀ) ਦੇ ਵਿਦਿਆਰਥੀਆਂ ਦੀ ਜੋ ਪ੍ਰੀਖਿਆ ਲਈ ਗਈ ਸੀ ਦੇ ਆਏ ਨਤੀਜਿਆਂ ਵਿਚ ਜਿਲ੍ਹਾ ਫਿਰੋਜਪੁਰ ਦੇ ਭਾਰਤ-ਪਾਕ ਸਰਹੱਦ ਦੇ ਬਿਲਕੁਲ ਨਾਲ ਲਗਦੇ ਕਸਬੇ ਮਮਦੋਟ ਵਿਚ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਅਦਾ ਕਰ ਰਹੇ। ਸਿਟੀ ਹਾਰਟ ਸਕੂਲ ਮਮਦੋਟ ਦੇ ਬੱਚਿਆਂ ਨੇ ਆਪਣੇ ਸਕੂਲ ਦੇ ਨਾਲ-ਨਾਲ ਆਪਣੇ ਮਾਤਾ ਪਿਤਾ ਦਾ ਵੀ ਨਾਂਅ ਰੌਸ਼ਨ ਕਰਦਿਆਂ ਇਕ ਵਾਰ ਫਿਰ ਵੱਡੀਆਂ ਮੱਲਾਂ ਮਾਰੀਆਂ ਹਨ। ਐਲਾਨੇ ਗਏ ਇਹਨਾਂ ਨਤੀਜਿਆਂ ਵਿਚ ਇਸੇ ਸਕੂਲ ਦੀ ਵਿਦਿਆਰਥਨ ਐਸਪ੍ਰੀਤ ਕੌਰ ਸਪੁੱਤਰੀ ਮਲਕੀਤ ਸਿੰਘ ਵਾਸੀ ਪਿੰਡ ਜੋਧਪੁਰ (ਨੌਵੀਂ ਜਮਾਤ) ਨੇ 336 ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਰਜਨੀ ਸ਼ਰਮਾ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਅਨਮੋਲਪ੍ਰੀਤ ਕੌਰ ਨੇ 304 ਪ੍ਰਾਪਤ ਕਰਕੇ ਪੰਜਾਬ 'ਚੋਂ ਪਹਿਲੇ ਸਥਾਨ 'ਤੇ ਰਹੀ ਹੈ। ਮਹਿਕਪ੍ਰੀਤ ਕੌਰ (ਜਮਾਤ ਗਿਆਰ੍ਹਵੀਂ) ਨੇ 284 ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ ਪੰਜਵਾਂ ਸਥਾਨ ਹਾਸਲ ਕੀਤਾ। ਇਸ ਸ਼ੁੱਭ ਅਵਸਰ ਤੇ ਸਕੂਲ ਦੀ ਪ੍ਰਿੰਸੀਪਲ ਮੈਡਮ ਰਜਨੀ ਸ਼ਰਮਾ ਨੇ ਬੱਚਿਆਂ ਨੂੰ ਮੁਬਾਰਕ ਬਾਦ ਦੇਦੇ ਹੋਏ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ।

ਝਾੜ ਸਾਹਿਬ ਕਾਲਜ 'ਚ ਕੋਵਿਡ ਟੀਕਾਕਰਨ ਕੈਂਪ ਲਗਾਇਆ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਵਿਖੇ ਸਰਬੱਤ ਦਾ ਭਲਾ ਮੰਗਦਿਆਂ ਮਾਨਵਤਾ ਦੀ ਸੇਵਾ ਲਈ ਕੋਵਿਡ ਟੀਕਾਕਰਨ (ਕੋ-ਵੈਕਸੀਨ) ਕੈਂਪ ਲਗਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਸੀ.ਐਚ.ਓ. ਜਸਪ੍ਰੀਤ ਕੌਰ, ਐਮ.ਪੀ.ਐਚ. ਡਬਲਿਊ ਗੁਰਦੀਪ ਸਿੰਘ, ਆਸ਼ਾ ਵਰਕਰ ਅਮਨਪ੍ਰੀਤ ਕੌਰ, ਕਾਲਜ ਦੇ ਐੱਨ ਐੱਸ ਐੱਸ ਕਨਵੀਨਰ ਰਵਿਤਾ ਸੈਣੀ ਅਤੇ ਕੋ-ਕਨਵੀਨਰ ਨਵਜੋਤ ਕੌਰ ਦੇ ਸਾਂਝੇ ਯਤਨਾਂ ਸਦਕਾ ਕਾਲਜ ਵਿਖੇ ਸਰਕਾਰ ਦੀਆਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਨਾਗਰਿਕਾਂ ਅਤੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣਾਂ ਲਈ ਟੀਕਾਕਰਨ ਕੈਂਪ ਲਗਾਇਆ ਗਿਆ। ਪ੍ਰਿੰਸੀਪਲ ਵੱਲੋਂ ਕਾਲਜ ਪਹੁੰਚੀ ਸਮੁੱਚੀ ਸਿਹਤ ਵਿਭਾਗ ਟੀਮ ਦਾ ਨਿੱਘਾ ਸੁਆਗਤ ਕੀਤਾ ਗਿਆ ਅਤੇ ਵਿਦਿਆਰਥਣਾਂ ਨੇ ਸਰਕਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਟੀਕਾਕਰਨ ਕਰਵਾ ਕੇ ਲਾਭ ਉਠਾਇਆ। ਇਸ ਕੈਂਪ ਵਿਚ ਕੋ-ਵੈਕਸੀਨ ਦੀ ਪਹਿਲੀ ਅਤੇ ਦੂਜੀ ਡੋਜ਼ ਲਗਾਈ ਗਈ। ਪ੍ਰਿੰਸੀਪਲ ਵੱਲੋਂ ਡਾਕਟਰੀ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਉਨ੍ਹਾਂ ਇਹ ਅਪੀਲ ਕੀਤੀ ਕਿ ਸਾਨੂੰ ਆਪਣੇ ਪਰਵਾਰ ਅਤੇ ਸਮੁੱਚੇ ਸਮਾਜ ਨੂੰ ਸੁਰੱਖਿਅਤ ਰੱਖਣ ਅਤੇ ਆਪਣੇ ਫਰਜ਼ਾਂ ਪ੍ਰਤੀ ਜਾਗਰੂਕ ਹੋ ਕੇ 18 ਸਾਲ ਤੋਂ ਘੱਟ ਦੇ ਹਰ ਇੱਕ ਨਾਗਰਿਕ ਨੂੰ ਟੀਕਾਕਰਨ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਅਸਿ. ਪ੍ਰੋਫੈਸਰ ਪੰਜਾਬੀ ਡਾ. ਕਮਲਜੀਤ ਕੌਰ ਵੀ ਮੌਜੂਦ ਸਨ।

ਸੰਗਠਿਤ ਬਾਲ ਸੁਰੱਖਿਆ ਸਕੀਮ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਲਈ ਬੈਠਕ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਸੰਗਠਿਤ ਬਾਲ ਸੁਰੱਖਿਆ ਸਕੀਮ ਤਹਿਤ ਪ੍ਰਾਜੈਕਟ ਚੇਤਨਾ ਦੀ ਬੈਠਕ ਫਾਜ਼ਿਲਕਾ ਦੇ ਐੱਸ.ਡੀ.ਐੱਮ ਸ੍ਰੀ. ਨਿਕਾਸ ਖੀਚੜ ਆਈ.ਏ.ਐੱਸ. ਦੀ ਪ੍ਰਧਾਨਗੀ ਹੇਠ ਹੋਈ। ਬੈਠਕ ਵਿੱਚ ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਉਦੇਸ਼ 0 ਤੋਂ 18 ਸਾਲ ਦੇ ਉਨ੍ਹਾਂ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣਾ ਹੈ ਜੋ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਹੱਕਾਂ ਤੋਂ ਵਾਂਝੇ ਹਨ। ਉਨ੍ਹਾਂ ਦੱਸਿਆ ਕਿ ਇਹ ਪਾਇਲਟ ਪ੍ਰਾਜੈਕਟ ਵਜੋਂ ਫਾਜ਼ਿਲਕਾ ਬਲਾਕ ਵਿੱਚ ਆਰੰਭ ਕੀਤਾ ਗਿਆ ਸੀ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਇਸ ਪ੍ਰਾਜੈਕਟ ਤਹਿਤ ਇਹ ਯਕੀਨੀ ਬਣਾਉਣ ਕਿ ਹੱਕਾਂ ਤੋਂ ਵਾਂਝੇ ਅਜਿਹੇ ਬੱਚਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਉਪਰਾਲੇ ਕੀਤੇ ਜਾਣ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਬੱਚਾ ਮੁਸੀਬਤ ਵਿੱਚ ਹੋਵੇ ਤਾਂ ਚਾਈਲਡ ਹੈਲਪਲਾਈਨ ਨੰਬਰ 1098 ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਸਕੂਲ ਵਿੱਚ ਦਾਖਲੇ ਲਈ ਯੋਗ ਸਾਰੇ ਬੱਚਿਆਂ ਦਾ ਸਕੂਲਾਂ ਵਿੱਚ ਦਾਖਲਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਖੇਤੀਬਾੜੀ ਵਿਭਾਗ ਨੂੰ ਕਿਹਾ ਕਿ ਮੋਟੇ ਅਨਾਜ ਦੇ ਮਹੱਤਵ ਬਾਰੇ ਜਨ ਜਾਗਰੂਕਤਾ ਕੀਤੀ ਜਾਵੇ। ਉਨ੍ਹਾਂ ਬਾਗਬਾਨੀ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਆਂਗਣਵਾੜੀਆਂ ਵਿੱਚ ਨਿਊਟਰੀ ਗਾਰਡਨ ਬਣਾਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾਵੇ। ਸਿਹਤ ਵਿਭਾਗ ਨੂੰ ਉਨ੍ਹਾਂ ਕਿਹਾ ਕਿ ਬਾਲ ਸਵਾਸਥਯ ਕਾਰਯਕਰਮ ਤਹਿਤ ਅਜਿਹੇ ਬੱਚਿਆ ਦੀ ਮੈਡੀਕਲ ਚੈੱਕਅੱਪ ਅਤੇ ਟੀਕਾਕਰਨ ਕੀਤਾ ਜਾਵੇ।

ਸੰਘਰਸ਼ ਕਮੇਟੀ ਵੱਲੋਂ 7 ਤੋਂ ਪੱਕਾ ਰੋਸ ਧਰਨਾ ਲਗਾਉਣ ਦਾ ਐਲਾਨ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)

ਹਲਕਾ ਸਮਰਾਲਾ ਦੀਆਂ ਦਰਦਨਾਕ ਸੜਕਾਂ ਨਵੀਆਂ ਬਣਵਾਉਣ ਦੀ ਲੜਾਈ ਲੜ ਰਹੀ 'ਸੜਕ ਸੁਧਾਰ ਸੰਘਰਸ਼ ਕਮੇਟੀ' ਵੱਲੋਂ 7 ਦਸੰਬਰ ਦਿਨ ਬੁੱਧਵਾਰ ਤੋਂ ਪੱਕਾ ਰੋਸ ਧਰਨਾ ਲਗਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਜਾਣਕਾਰੀ ਦਿੰਦਿਆਂ ਅੰਮ੍ਰਿਤਪਾਲ ਸਮਰਾਲਾ, ਹਰਬੰਸ ਲਾਲ ਚਾਨਣਾ, ਪਰਮਜੀਤ ਸਿੰਘ ਨੀਲੋਂ, ਰਵਿੰਦਰਪਾਲ ਸਿੰਘ, ਰਜਿੰਦਰ ਕੁਮਾਰ ਅਤੇ ਨੰਬਰਦਾਰ ਡਾ. ਦਰਸ਼ਨ ਸਿੰਘ ਨੇ ਦੱਸਿਆ ਕਿ ਹਲਕੇ ਦੀਆਂ ਤਿੰਨ ਪ੍ਰਮੁੱਖ ਸੜਕਾਂ ਨੂੰ ਲੈ ਕੇ ਕਾਫ਼ੀ ਸਮੇਂ ਤੋਂ ਸੰਘਰਸ਼ ਵਿੱਢਿਆ ਹੋਇਆ ਹੈ, ਜਿਸ ਤਹਿਤ ਰੋਸ ਮੁਜ਼ਾਹਰਾ ਕਰਨ ਉਪਰੰਤ ਐੱਸ.ਡੀ.ਐੱਮ. ਸਮਰਾਲਾ ਨੂੰ ਪੰਜਾਬ ਸਰਕਾਰ ਦ ਨਾਂਅ ਚਿਤਾਵਨੀ ਪੱਤਰ ਵੀ ਭੇਜ ਦਿੱਤਾ ਗਿਆ ਹੈ। ਐੱਸ.ਡੀ.ਐੱਮ. ਸਮਰਾਲਾ ਵੱਲੋਂ 10-15 ਦਿਨਾਂ ਵਿਚ ਸੜਕ ਸੰਬੰਧੀ ਟੈਂਡਰ ਲੱਗਣ ਦੇ ਆਸਾਰ ਜਤਾਏ ਗਏ ਸੀ, ਜਿਨ੍ਹਾਂ ਦੀ ਮਿਆਦ 6 ਦਸੰਬਰ ਨੂੰ ਖਤਮ ਹੋ ਜਾਵੇਗੀ। ਇਸੇ ਲਈ 15 ਦਿਨਾਂ ਦੀ ਉਡੀਕ ਕਰਨ ਤੋਂ ਬਾਅਦ ਸੰਘਰਸ਼ ਕਮੇਟੀ ਵੱਲੋਂ ਹੰਗਾਮੀ ਮੀਟਿੰਗ ਕਰਕੇ 7 ਦਸੰਬਰ ਨੂੰ ਸਵੇਰੇ 9 ਵਜੇ ਗਨੀ ਖਾਂ ਨਬੀ ਖਾਂ ਗੇਟ ਮਾਛੀਵਾੜਾ ਸਾਹਿਬ ਵਿਖੇ ਪੱਕਾ ਰੋਸ ਧਰਨਾ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਆਗੂਆਂ ਨੇ ਕਿਹਾ ਕਿ ਫਿਲਹਾਲ ਇਹ ਰੋਸ ਧਰਨਾ ਸੜਕ ਦੇ ਕੰਢੇ ਚੱਲੇਗਾ, ਜੇਕਰ ਫੇਰ ਵੀ ਸਰਕਾਰ ਜਾਂ ਪ੍ਰਸ਼ਾਸਨ ਨਹੀਂ ਜਾਗਦੇ ਤਾਂ ਆਉਣ ਵਾਲੇ ਸਮੇਂ 'ਚ ਸੰਘਰਸ਼ ਹੋਰ ਤੇਜ਼ੀ ਨਾਲ ਅੱਗੇ ਵਧੇਗਾ ਅਤੇ ਹਰ ਹਾਲ ਵਿਚ ਸੜਕਾਂ ਬਣਵਾ ਕੇ ਹੀ ਦਮ ਲਵੇਗਾ। ਉਨ੍ਹਾਂ ਕਿਹਾ ਕਿ ਇਸ ਰੋਸ ਧਰਨੇ 'ਚ ਸ਼ਾਮਿਲ ਹੋਣ ਲਈ ਕਿਸਾਨੀ ਜਥੇਬੰਦੀਆਂ, ਪਿੰਡਾਂ ਦੀਆਂ ਪੰਚਾਇਤਾਂ, ਦੁਕਾਨਦਾਰਾਂ ਅਤੇ ਆਮ ਲੋਕਾਂ ਤੱਕ ਪਹੁੰਚ ਬਣਾਈ ਜਾ ਰਹੀ ਹੈ, ਸੜਕਾਂ ਦੀ ਮਾੜੀ ਹਾਲਤ ਝੇਲ ਰਹੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਵੀ ਮਿਲ ਰਿਹਾ ਹੈ। ਮੀਟਿੰਗ 'ਚ ਰਮੇਸ਼ ਕੁਮਾਰ ਸ਼ਰਮਾ, ਜਸਪਾਲ ਸਿੰਘ ਜੱਜ, ਸਿਮਰਨਜੀਤ ਸਿੰਘ ਗੋਗੀਆ, ਸਰਬਜੀਤ ਸਿੰਘ ਲੌਂਗੀਆ,

1-DEC-PAGE-11-Majha-22.qxd 11/30/2022 10:07 PM Page 1

ਲੋਕ ਇਨਸਾਫ ਮੋਰਚਾ ਪੰਜਾਬ ਤੇ ਚੱਢਾ ਸ਼ੂਗਰ ਮਿੱਲ ਦੀ ਪ੍ਰਬੰਧਕ ਕਮੇਟੀ ਵੱਲੋਂ ਕਿਸਾਨ ਮਸਲਿਆਂ 'ਤੇ ਅਹਿਮ ਵਿਚਾਰ-ਵਟਾਂਦਰਾ

ਧਾਰੀਵਾਲ/ਕਾਦੀਆਂ, (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਅੰਦਰ ਨਿੱਜੀ ਖੇਤਰ ਦੀ ਚੱਢਾ ਸੂਗਰ ਕੀੜੀ ਅਫਗਾਨਾ ਵੱਲੋਂ ਇਲਾਕੇ ਦੇ ਕਿਸਾਨਾਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਦੇ ਖਿਲਾਫ ਬੀਤੇ ਕੱਲ੍ਹ ਮੰਗਲਵਾਰ ਨੂੰ ਪਿੰਡ ਨੂੰਨਾ ਵਿੱਚ ਬੇਟ ਇਲਾਕੇ ਦੇ ਕਿਸਾਨਾਂ ਦੀ ਵੱਡੀ ਮੀਟਿੰਗ ਹੋਈ। ਮੀਟਿੰਗ ਦੌਰਾਨ ਕਿਸਾਨਾਂ ਦੇ ਵੱਲੋਂ ਪ੍ਰਗਟਾਏ ਰੋਸ ਅਤੇ ਰੋਹ ਦੇ ਚਲਦਿਆਂ ਮਿੱਲ ਮੈਨੇਜਮੈਂਟ ਕਮੇਟੀ ਨੇ ਇਸ ਮਾਮਲੇ ਨੂੰ ਭਾਂਪਦੇ ਹੋਏ ਬੁੱਧਵਾਰ ਨੂੰ ਕਿਸਾਨਾਂ ਨਾਲ ਪਿੰਡ ਨੂੰਨ ਵਿਖੇ ਇੱਕ ਵਿਸੇਸ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਚੱਢਾ ਸੂਗਰ ਮਿੱਲ ਕੀੜੀ ਅਫਗਾਨਾ ਦੇ ਜੀਐੱਮ ਮਨੋਜ ਤਿਵਾੜੀ ਅਤੇ ਮਿੱਲ ਦੀ ਟੀਮ ਮੌਕੇ 'ਤੇ ਪਹੁੰਚੀ। ਇਸ ਮੌਕੇ ਲੋਕ ਇਨਸਾਫ ਮੋਰਚਾ ਪੰਜਾਬ ਦੀ ਅਗਵਾਈ ਕਰਦੇ ਹੋਏ ਪ੍ਰਧਾਨ ਸੋਨੂੰ ਔਲਖ ਅਤੇ ਉਨ੍ਹਾਂ ਦੇ ਹੋਰ ਵੱਖ-ਵੱਖ ਸਾਥੀਆਂ ਅਤੇ ਜਥੇਬੰਦੀ ਦੇ ਬੁਲਾਰਿਆਂ ਨੇ ਮਿੱਲ ਪ੍ਰਬੰਧਕਾਂ ਅੱਗੇ ਕਿਸਾਨਾਂ ਦੀਆਂ ਮੁਸ਼ਕਿਲਾਂ 'ਤੇ ਵਿਚਾਰ ਰੱਖੇ। ਇਸ ਮੌਕੇ ਬਹੁ-ਗਿਣਤੀ ਕਿਸਾਨਾਂ ਨੇ ਮਿੱਲ ਪ੍ਰਬੰਧਕਾਂ ਉਪਰ ਦੋਸ਼ ਲਗਾਏ ਕਿ ਮਿੱਲ ਵੱਲੋਂ ਉਨ੍ਹਾਂ ਨੂੰ ਸਮੇਂ ਸਿਰ ਗੰਨਾ ਪਰਚੀਆਂ ਨਹੀਂ ਦਿੱਤੀਆਂ ਜਾ ਰਹੀਆਂ। ਇਸ ਤੋਂ ਇਲਾਵਾ ਮਿੱਲ ਚ ਗੰਨਾ ਲੈ ਕੇ ਪਹੁੰਚਣ ਵਾਲੇ ਕਿਸਾਨਾਂ ਦੀ ਐਂਟਰੀ ਮੌਕੇ ਵੀ ਕੋਈ ਅਨੁਸ਼ਾਸਨ ਜਾਂ ਨਿਯਮ ਨਹੀਂ ਹੈ। ਮਿੱਲ ਵੱਲੋਂ ਇਲਾਕੇ ਦੇ ਗੰਨੇ ਦੀ ਥਾਂ ਬਾਹਰਲੇ ਹਲਕਿਆਂ ਦੇ ਗੰਨੇ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਵੇਚੇ ਹੋਏ ਗੰਨੇ ਦੀ ਸਮੇਂ ਸਿਰ ਅਦਾਇਗੀ ਵੀ ਨਹੀਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮਾਰਚ ਅਪ੍ਰੈਲ ਮਹੀਨੇ ਕਿਸਾਨਾਂ ਦੀਆਂ ਗੰਨੇ ਦੀ ਅਦਾਇਗੀ ਰੋਕੀਆਂ ਜਾਂਦੀਆਂ ਹਨ। ਕਿਸਾਨਾਂ ਨੇ ਇਹ ਵੀ ਦੱਸਿਆ ਕਿ ਗੰਨੇ ਦੀ ਕੁਆਲਿਟੀ ਖਰਾਬ ਹੋਣ ਦੇ ਬਹਾਨੇ ਲਾ-ਲਾ ਕੇ ਗੰਨੇ ਦੀ ਤੁਲਾਈ ਮੌਕੇ ਵੱਡੇ ਕੱਟ ਲਗਾਏ ਜਾਂਦੇ ਹਨ। ਮੋਰਚੇ ਦੇ ਮੁਖੀ ਸੋਨੂੰ ਔਲਖ ਅਤੇ ਕਿਸਾਨਾਂ ਦੇ ਬੁਲਾਰੇ ਕਰਮਜੀਤ ਸਿੰਘ ਨੂੰਨ ਨੇ ਕਿਸਾਨਾਂ ਦਾ ਪੱਖ ਮਿੱਲ ਪ੍ਰਬੰਧਕ ਟੀਮ ਅੱਗੇ ਵਿਸਤਾਰ ਸਹਿਤ ਰੱਖਿਆ। ਕਿਸਾਨਾਂ ਦੇ ਇਨ੍ਹਾਂ ਮਸਲਿਆਂ ਉਪਰ ਗੱਲਬਾਤ ਕਰਦੇ ਹੋਏ ਜੀਐੱਮ ਮਨੋਜ ਤਿਵਾੜੀ ਨੇ ਕਿਹਾ ਕਿ ਇਲਾਕੇ ਦੇ ਕਿਸੇ ਵੀ ਕਿਸਾਨ ਦੀਆਂ ਪਰਚੀਆਂ ਵਿੱਚ ਢਿੱਲ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਮਿੱਲ ਵੱਲੋਂ ਪਰਚੀਆਂ ਦਿੱਤੀਆਂ ਜਾਣਗੀਆਂ। ਕਿਸਾਨਾਂ ਨੂੰ ਸਮੇਂ ਸਿਰ ਫਸਲ ਦੀ ਅਦਾਇਗੀ ਵੀ ਕੀਤੀ ਜਾਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮਿੱਲ ਵਿਚ ਸਾਫ ਸੁਥਰਾ ਗੰਨਾ ਲੈ ਕੇ ਆਉਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਜਿਹੜੀ ਗੰਨਾ ਪਰਚੀ ਮਿਲਦੀ ਹੈ ਉਸ ਉੱਤੇ ਅਮਲ ਕਰਦੇ ਹੋਏ ਸਮੇਂ ਸਿਰ ਲੈ ਕੇ ਗੰਨੇ ਦੀ ਟਰਾਲੀ ਲੈ ਕੇ ਮਿੱਲ ਵਿੱਚ ਪਹੁੰਚਣ। ਉਨਾਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਹੋਰ ਇਲਾਕੇ ਦਾ ਗੰਨਾ ਖਰੀਦਣ ਲਈ ਵੀ ਪਾਬੰਦ ਕੀਤਾ ਹੁੰਦਾ ਹੈ ਇਸ ਲਈ ਬਾਹਰੋਂ ਗੰਨਾ ਲੈਣਾ ਉਨ੍ਹਾਂ ਦੀ ਮਜਬੂਰੀ ਹੈ। ਪਰ ਉਨ੍ਹਾਂ ਨੇ ਇਲਾਕੇ ਦੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਪਹਿਲ ਦੇ ਅਧਾਰ ਤੇ ਹਰੇਕ ਮਸਲਾ ਹੱਲ ਕੀਤਾ ਜਾਵੇਗਾ। ਇਸ ਮੌਕੇ ਜੀ ਜੀ ਐੱਮ ਤਿਵਾੜੀ ਤੋਂ ਅਲਾਵਾ ਡੀ ਜੀ ਐੱਮ ਰਕੇਸ਼ ਸ਼ਰਮਾ, ਇੰਸਪੈਕਟਰ ਹਰਦੀਪ ਸਿੰਘ, ਮਨਦੀਪ ਸਿੰਘ, ਹਰਪਾਲ ਸਿੰਘ, ਬਾਵਾ ਸਿੰਘ, ਰਵਿੰਦਰ ਸਿੰਘ, ਗੁਰਦੀਪ ਸਿੰਘ, ਕਿਸਾਨ ਕਰਮਜੀਤ ਸਿੰਘ ਨੂੰਨ, ਗੈਵੀ ਔਲਖ, ਸੇਠੀ ਨੂੰਨ, ਰਮਨਦੀਪ ਸਿੰਘ, ਉਪ ਚੇਅਰਮੈਨ ਗੁਰਮੀਤ ਸਿੰਘ, ਕੁਲਦੀਪ ਸਿੰਘ ਨੂੰਨ, ਰਮਨਦੀਪ ਸਿੰਘ, ਕੁਲਜੀਤ ਸਿੰਘ, ਨਵਤੇਜ ਸਿੰਘ, ਬਲਵਿੰਦਰ ਸਿੰਘ ਆਦਿ ਸਮੇਤ ਸੈਂਕੜੇ ਕਿਸਾਨ ਹਾਜ਼ਰ ਸਨ।

ਔਰਤਾਂ ਦੀ ਸੁਰੱਖਿਆ ਸੰਬੰਧੀ ਜਾਗਰੂਕਤਾ ਮੁਹਿੰਮ ਤਹਿਤ ਸੈਮੀਨਾਰ ਲਗਾਇਆ

ਮਜੀਠਾ (ਸੋਇਮ ਆਨੰਦ)-ਸਮਾਜ 'ਚ ਔਰਤਾਂ ਤੇ ਲੜਕੀਆਂ ਨਾਲ ਦੁਰਵਿਹਾਰ ਦੀਆਂ ਦਿਨੋ-ਦਨ ਵਧ ਰਹੀਆਂ ਘਟਨਾਵਾਂ ਨੂੰ ਖਤਮ ਕਰਨ ਵਾਸਤੇ ਮਾਣਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ, ਕਮਿਊਨਿਟੀ ਅਫੇਰਜ਼ ਡਵੀਜ਼ਨ ਕਮ ਵੂਮੈਨ ਐਂਡ ਚਾਈਲਡ ਅਫੇਰਜ਼ ਪੰਜਾਬ ਵਲੋਂ ਮਾਣਯੋਗ ਡੀਜੀਪੀ ਪੰਜਾਬ ਪੁਲਸ ਦੇ ਹੁਕਮਾਂ ਅਨੁਸਾਰ ਮਾਣਯੋਗ ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ-ਨਿਰਦੇਸ਼ ਹੇਠ ਮਾਣਯੋਗ ਡੀਸੀਪੀਓ ਮੈਡਮ ਜਸਵੰਤ ਕੌਰ ਦੀ ਅਗਵਾਈ ਹੇਠ ਜ਼ਿਲਾ ਸਾਂਝ ਕੇਂਦਰ ਇੰਚਾਰਜ ਮਨਜਿੰਦਰ ਸਿੰਘ ਅਤੇ ਸੁਪਰਵੀਜ਼ਨ ਅਫਸਰ ਸਰਦਾਰ ਕੁਲਦੀਪ ਸਿੰਘ ਰਿਆੜ ਅਮ੍ਰਿਤਸਰ ਦਿਹਾਤੀ ਵਲੋਂ ਸਰਬੱਤ ਦਾ ਭਲਾ ਐਜੂਕੇਸ਼ਨ ਅਤੇ ਵੈੱਲਫੇਅਰ ਸੁਸਾਇਟੀ ਦੇ ਚੇਅਰਮੈਨ ਸੁਖਰਾਜ ਸਿੰਘ ਸੋਹਲ ਅਤੇ ਪ੍ਰਿੰਸੀਪਲ ਜੋਗਾ ਸਿੰਘ ਦੇ ਸਹਿਯੋਗ ਨਾਲ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸਕੂਲ ਮਜੀਠਾ ਦੇ ਪ੍ਰਿੰਸੀਪਲ ਮੈਡਮ ਮੋਨਾ ਸਿੰਘ ਦੀ ਦੇਖ-ਰੇਖ ਹੇਠ ਔਰਤਾਂ ਦੀ ਸੁਰੱਖਿਆ ਸੰਬੰਧੀ ਜਾਗਰੂਕਤਾ ਮੁਹਿੰਮ ਤਹਿਤ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਜੋਗਾ ਸਿੰਘ ਨੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਮੁਸਕਾਨ ਵੈੱਲਫੇਅਰ ਸੁਸਾਇਟੀ ਦੀ ਪ੍ਰਧਾਨ ਮੈਡਮ ਸਪਨਾ ਮਹਿਰਾ ਜੋ ਲੋੜਵੰਦ ਔਰਤਾਂ ਦਾ ਕਾਫੀ ਲੰਮੇ ਸਮੇਂ ਤੋਂ ਸਹਿਯੋਗ ਕਰਦੇ ਆ ਰਹੇ ਨੇ ਉਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਦਿਆਰਥਣਾਂ ਨੂੰ ਤਾਕਤਵਰ ਬਣਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਸਾਂਝ ਕੇਂਦਰ ਦੇ ਸੁਪਰਵੀਜ਼ਨ ਅਫਸਰ ਸਰਦਾਰ ਕੁਲਦੀਪ ਸਿੰਘ ਰਿਆੜ ਨੇ ਬੋਲਦਿਆਂ ਕਿਹਾ ਕਿ ਕੋਈ ਵੀ ਮੁਸ਼ਕਿਲ ਆਉਣ 'ਤੇ ਔਰਤਾਂ 112 ਅਤੇ 181 ਨੰਬਰ 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਕੇ ਇਨਸਾਫ ਲੈ ਸਕਦੀਆਂ ਹਨ। ਇਸ ਮੌਕੇ ਉਨ੍ਹਾਂ ਸਾਂਝ ਕੇਂਦਰ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਉਪਰੰਤ ਸਰਬੱਤ ਦਾ ਭਲਾ ਐਜੂਕੇਸ਼ਨ ਅਤੇ ਵੈੱਲਫੇਅਰ ਸੁਸਾਇਟੀ ਦੇ ਚੇਅਰਮੈਨ ਸੁਖਰਾਜ ਸਿੰਘ ਸੋਹਲ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਸਭ ਦਾ ਇਸ ਸਮਾਜ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਪਾਉਣ ਸਦਕਾ ਸਭ ਦਾ ਧੰਨਵਾਦ ਕਰਦਿਆਂ ਆਖਿਆ ਕਿ ਜੋ ਔਰਤ ਮਰਦ ਪੈਦਾ ਕਰਦੀ ਹੈ ਉਹ ਰੱਬ ਦੇ ਸਮਾਨ ਹੈ। ਸੋ ਔਰਤ ਦਾ ਹਰ ਪੱਖ ਤੋਂ ਸਾਥ ਅਤੇ ਸਤਿਕਾਰ ਕੀਤਾ ਜਾਵੇ ਅਤੇ ਔਰਤ ਵੀ ਮਰਦ ਦਾ ਹਰ ਸੁਖ-ਦੁਖ 'ਚ ਸਾਥ ਦੇਵੇ ਤਾਂ ਜੋ ਇਹ ਸਮਾਜ ਹਰ ਪੱਖ ਤੋਂ ਖੁਸ਼ਹਾਲ ਹੋ ਸਕੇ ਅਤੇ ਬੱਚੇ ਵੀ ਆਪਣਾ ਭਵਿੱਖ ਵਧੀਆ ਕਰ ਸਕਣ। ਇਸ ਤੋ ਬਾਅਦ ਸਕੂਲ ਦੀ ਪ੍ਰਿੰਸੀਪਲ ਮੋਨਾ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਪ੍ਰਸ਼ਾਸਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਆਖਿਆ ਕਿ ਸਾਨੂੰ ਸਭ ਨੂੰ ਰਲ ਕੇ ਇਹੋ ਜਿਹੇ ਜਾਗਰੂਕਤਾ ਸੈਮੀਨਾਰ ਲਗਾਉਣੇ ਚਾਹੀਦੇ ਨੇ ਤਾਂ ਜੋ ਸਾਡੇ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕੇ। ਇਸ ਮੌਕੇ ਸਾਂਝ ਕੇਂਦਰ ਸਟਾਫ ਏਐੱਸਆਈ ਬਲਵੰਤ ਸਿੰਘ, ਏਐੱਸਆਈ ਬਿਕਰਮਜੀਤ ਸਿੰਘ ਇੰਚਾਰਜ ਸਾਂਝ ਕੇਂਦਰ ਮਜੀਠਾ, ਸੀਨੀਅਰ ਸਿਪਾਹੀ ਪ੍ਰਦੀਪ ਸਿੰਘ ਸਾਂਝ ਕੇਂਦਰ ਮਜੀਠਾ, ਮੈਡਮ ਰਾਜਬੀਰ ਕੌਰ, ਮੈਡਮ ਕੰਵਲਜੀਤ ਕੌਰ ਤੇ ਸਮਾਜ ਸੇਵਕਾ ਮੈਡਮ ਗੁਨਦੀਪ ਕੌਰ ਤੇ ਹੋਰ ਸਮਾਜ ਸੇਵਕ ਹਾਜ਼ਰ ਸਨ।

ਅਮਨ ਚੋਪੜਾ ਨੇ ਲੋੜਵੰਦ ਵਿਦਿਆਰਥੀਆਂ ਨੂੰ ਦਿੱਤੀ ਮਾਲੀ ਸਹਾਇਤਾ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਆਰਥਿਕ ਤੌਰ 'ਤੇ ਕਮਜ਼ੋਰ ਪਰ ਹੋਣਹਾਰ 11 ਵਿਦਿਅਰਥੀ ਆਰਥਿਕ ਪੱਖੋਂ ਕਮਜ਼ੋਰ ਸੀ। ਅਮਨ ਚੋਪੜਾ ਵੱਲੋਂ ਇਨ੍ਹਾਂ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਤੌਰ 'ਤੇ ਮਾਲੀ ਸਹਾਇਤਾ ਕੀਤੀ ਗਈ। ਅਰੋੜਾ ਕਾਲਜ 'ਚ ਬਤੌਰ ਅਧਿਆਪਕ ਵੀ ਰਹਿ ਚੁੱਕੇ ਹਨ। ਅੱਜ ਕੱਲ੍ਹ ਆਸਟਰੇਲੀਆ ਵਿਖੇ ਰਹਿ ਰਹੇ ਹਨ। ਇਸ ਮੌਕੇ ਲਾਲਜੀਤ ਸਿੰਘ ਭੁੱਲਰ, ਕੈਬਨਿਟ ਮੰਤਰੀ ਪੰਜਾਬ ਵਿਸ਼ੇਸ਼ ਮਹਿਮਾਨ ਵੱਜੋਂ ਪਹੁੰਚੇ।

ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਜਿਹੜੇ ਹੋਣਹਾਰ ਵਿਦਿਆਰਥੀ ਆਰਥਿਕ ਮਜਬੂਰੀਆਂ ਕਾਰਨ ਪੜ੍ਹਾਈ ਜਾਰੀ ਨਹੀਂ ਰੱਖ ਸਕਦੇ ਕਾਲਜ ਵੱਲੋਂ ਉਨ੍ਹਾਂ ਦੀ ਸਹਾਇਤਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਸ. ਭੁੱਲਰ ਨੇ ਕਾਲਜ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਕੇ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਖੇਡਾਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਮਰਵਾਹ ਨੇ ਸ. ਭੁੱਲਰ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਅਤੇ ਅਮਨ ਚੋਪੜਾ ਦਾ ਇਸ ਨੇਕ ਕਾਰਜ ਲਈ ਧੰਨਵਾਦ ਕਰਦਿਆਂ ਹੋਇਆਂ ਸਨਮਾਨਿਤ ਕੀਤਾ। ਸ. ਭੁੱਲਰ ਵੱਲੋਂ ਕਾਲਜ ਦੇ ਐੱਨਸੀਸੀ ਯੂਨਿਟ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

ਪਿੰਡਾਂ 'ਚ ਰਹਿੰਦੇ ਗਰੀਬ ਲੋਕਾਂ ਦੇ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਣ

ਗੁਰਦਾਸਪੁਰ (ਜਨਕ ਮਹਾਜਨ)-ਬੇਟ ਇਲਾਕੇ ਅੰਦਰ ਪਿੰਡਾਂ ਵਿਚ ਰਹਿੰਦੇ ਗਰੀਬ ਲੋਕਾਂ ਦੇ ਕੱਚੇ ਘਰਾਂ ਨੂੰ ਪੱਕਾ ਕਰਨ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਣ।

ਇਸ ਸਬੰਧੀ ਜਾਂਣਕਾਰੀ ਦਿੰਦੇ ਹੋਏ ਬੂਟਾ ਮਸੀਹ, ਜਨਕ ਨੌਸ਼ਹਿਰਾ ਆਦਿ ਨੇ ਦੱਸਿਆ ਕਿ ਕੱਚੇ ਮਕਾਨਾਂ ਨੂੰ ਪੱਕਾ ਕਰਨ ਵਾਸਤੇ ਉਹ ਪਿਛਲੇ ਲੰਮੇ ਸਮੇ ਤੋਂ ਫਾਈਲਾਂ ਭਰ ਚੁਕੇ ਹਨ ਅਤੇ ਉਨ੍ਹਾਂ ਨੂੰ ਅਮਲੀ ਰੂਪ ਨਹੀਂ ਮਿਲ ਰਿਹਾ। ਲੋਕਾਂ ਨੂੰ ਕੱਚੇ ਘਰਾਂ ਕਾਰਨ ਮੀਂਹ ਤੇ ਬਰਸਾਤ ਵਿਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਦੱਸਿਆ ਕਿ ਪਹਿਲੀਆਂ ਸਰਕਾਰਾਂ ਨੇ ਗਰੀਬੀ ਰੇਖਾ ਹੇਠਾਂ ਵੱਸਦੇ ਲੋਕਾਂ ਦੇ ਮਕਾਨਾਂ ਦੀ ਬਿਲਕੁਲ ਸਾਰ ਨਹੀਂ ਲਈ ਤੇ ਸਿਰਫ ਆਪਣੇ ਚਹੇਤਿਆਂ ਦੀ ਹੀ ਖਾਨਾ-ਪੂਰਤੀ ਕੀਤੀ ਗਈ ਸੀ ਅਤੇ ਗਰੀਬ ਲੋਕ ਇਸ ਸਕੀਮ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਦੀ ਬਾਂਹ ਫੜਨ ਵਾਸਤੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਲੋਕਾਂ ਨੇ ਕਾਫੀ ਉਮੀਦਾਂ ਰੱਖੀਆਂ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਹੈ ਕਿ ਗਰੀਬੀ ਰੇਖਾਂ ਹੇਠ ਵੱਸਦੇ ਲੋਕਾਂ ਨੂੰ ਕੱਚੇ ਮਕਾਨਾਂ ਨੂੰ ਪੱਕਾ ਬਣਾਉਣ ਲਈ ਪਹਿਲ ਦੇ ਆਧਾਰ 'ਤੇ ਗ੍ਰਾਂਟਾਂ ਦਿੱਤੀਆਂ ਜਾਣ।

ਸਰਵਾਈਕਲ ਕੈਂਸਰ ਪ੍ਰਤੀ ਜਾਗਰੂਕ ਕਰਨ ਲਈ ਹੋਈ ਵਿਸ਼ੇਸ਼ ਬੈਠਕ

ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਅਮ੍ਰਿਤਸਰ ਨੌਰਥ ਵੱਲੋਂ ਕੀਤੀ ਗਈ ਸਰਵਾਈਕਲ ਕੈਂਸਰ ਵੈਕਸੀਨ ਦੇ ਸੰਬੰਧ ਵਿੱਚ ਜਾਣਕਾਰੀ ਦੇਣ ਲਈ ਵਿਸ਼ੇਸ਼ ਬੈਠਕ ਦਾ ਆਯੋਜਨ ਵਿਨਾਇਕ ਨਿਸ਼ਕੁਲ ਪਾਠਸ਼ਾਲਾ ਨਜ਼ਦੀਕ ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਿਆ ਵਿਖੇ ਕਲੱਬ ਦੇ ਪ੍ਰਧਾਨ ਵਿਜੇ ਭਸੀਨ ਸਕੱਤਰ ਗੁਰਮੀਤ ਸਿੰਘ, ਮਾਸਟਰ ਆਫ ਸ਼੍ਰੋਮਣੀ ਰਸਜੀਤ ਸਿੰਘ ਖੇੜਾ, ਪ੍ਰੋਜੈਕਟ ਚੇਅਰਮੈਨ ਡਾ: ਸੁਖਮਨਪ੍ਰੀਤ ਕੌਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਬੈਠਕ ਵਿੱਚ ਰੋਟਰੀ 3070 ਦੇ ਸਾਬਕਾ ਗਵਰਨਰ ਸੀ. ਏ. ਦਵਿੰਦਰ ਸਿੰਘ ਅਤੇ ਸਹਾਇਕ ਗਵਰਨਰ ਰਵਿੰਦਰ ਸਿੰਘ ਪਠਾਨੀਆਂ ਵਿਸ਼ੇਸ਼ ਰੂਪ ਨਾਲ ਸ਼ਾਮਿਲ ਹੋਏ।

ਮੁੱਖ ਮਹਿਮਾਨ ਸੀ. ਏ. ਦਵਿੰਦਰ ਸਿੰਘ ਨੇ ਮੁਫਤ ਸਿੱਖਿਆ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਰਵਾਈਕਲ ਕੈਂਸਰ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਬਣਾਈ ਗਈ ਫਿਲਮ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੂੰ ਮੁੱਖ ਰੂਪ ਵਿੱਚ ਫਲ ਅਤੇ ਖਾਣ ਪੀਣ ਦੀ ਸਮੱਗਰੀ ਵੰਡੀ ਗਈ। ਮੁੱਖ ਮਹਿਮਾਨ ਨੂੰ ਮੁੱਖ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਾ. ਜੀ. ਐਸ. ਮਦਾਨ, ਮਨਿੰਦਰ ਕੌਰ ਅਤੇ ਨਿਸ਼ਕੁਲ ਪਾਠਸ਼ਾਲਾ ਦੀ ਸੰਚਾਲਕਾ ਮਹਾਤਮਾ ਮਾਤਾ ਨੂੰ ਸਨਮਾਨਿਤ ਕੀਤਾ ਗਿਆ। ਬੈਠਕ ਵਿੱਚ ਰੋਟਰੀ ਦੀ ਸਾਬਕਾ ਪ੍ਰਧਾਨ ਮਨਜੀਤ ਪਾਲ ਕੌਰ, ਅਵਿੰਦਰ ਕੌਰ ਖੇੜਾ ਨਾਲ ਰੋਟਰੀ ਦੇ ਕਈ ਮੈਂਬਰ ਮੌਜੂਦ ਸਨ।

ਬਾਡੀ ਸੋਪ ਵੱਲੋਂ ਜਲੰਧਰ 'ਚ ਨਵਾਂ ਸਟੋਰ ਲਾਂਚ

ਜਲੰਧਰ : ਦੇਸ਼ ਭਰ ਵਿੱਚ ਹੋਰ ਵਿਸਥਾਰ ਕਰਦੇ ਹੋਏ ਬ੍ਰਿਟੇਨ

1-DEC PAGE 12.qxd 11/30/2022 10:13 PM Page 1

ਡੀ ਸੀ ਦਫਤਰ ਅੱਗੇ ਲੱਗਾ ਪੱਕਾ ਮੋਰਚਾ ਚੌਥੇ ਦਿਨ 'ਚ ਸ਼ਾਮਲ

ਹੱਕੀ ਮੰਗਾਂ ਨੂੰ ਲੈ ਕੇ ਮੋਦੀ ਤੇ ਭਗਵੰਤ ਮਾਨ ਸਰਕਾਰ ਦੇ ਫੂਕੇ ਪੁਤਲੇ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡੀਸੀ ਦਫਤਰ ਅੱਗੇ ਲੱਗੇ ਮੋਰਚੇ ਵਿੱਚ ਭਾਜਪਾ ਅਤੇ ਆਪ ਸਰਕਾਰ ਦੇ ਹੱਕੀ ਮੰਗਾਂ ਨੂੰ ਲੈ ਕੇ ਪੁਤਲੇ ਫੂਕੇ। ਦਿਨ-ਰਾਤ ਦੇ ਲੱਗੇ ਪੱਕੇ ਮੋਰਚੇ ਵਿੱਚ ਰਾਤ ਦੀ ਪੈ ਰਹੀ ਅੱਤ ਦੀ ਠੰਡ ਵਿੱਚ ਵੀ ਕਿਸਾਨਾਂ ਦੇ ਇਰਾਦੇ ਦ੍ਰਿੜ੍ਹ ਹਨ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਦਿਆਲ ਸਿੰਘ ਮੀਆਂਵਿੰਡ, ਫਤਿਹ ਸਿੰਘ ਪਿੱਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰਣਯੋਧ ਸਿੰਘ ਗੱਗੋਬੂਹਾ ਅਤੇ ਹਰਿੰਦਰਜੀਤ ਸਿੰਘ ਕੰਗ ਨੇ ਮੋਰਚੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੋਰਚਾ ਕੇਵਲ ਕਿਸਾਨਾਂ ਦਾ ਨਹੀਂ ਹੈ ਬਲਕਿ ਹਰ ਉਸ ਵਰਗ ਦਾ ਹੈ ਜਿਹੜਾ ਭ੍ਰਿਸ਼ਟਾਚਾਰ, ਬੇਰੋਜ਼ਗਾਰੀ, ਜ਼ੁਲਮ, ਮਹਿੰਗਾਈ ਦੀ ਮਾਰ ਹੇਠ ਦੱਬਿਆ ਹੋਇਆ ਹੈ ਤੇ ਦੋ ਵਕਤ ਦੀ ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਵਰਗ ਨੂੰ ਮੋਰਚੇ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਤੇ ਆਉਣ ਵਾਲੇ ਭਵਿੱਖ ਨੂੰ ਬਚਾਉਣ ਲਈ ਸੰਘਰਸ਼ ਦੇ ਰਾਹ ਪੈਣਾ ਚਾਹੀਦਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰਾਂ ਦੀਆਂ ਮਾੜੀਆਂ ਅਤੇ ਕਾਰਪੋਰੇਟ ਪੱਖੀ ਨੀਤੀਆਂ ਕਰਕੇ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਉਨਵਾਂ ਕਿਹਾ ਕਿ ਸਰਕਾਰਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੀਆਂ ਹਨ। ਉਹ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆ ਜਾਂਦੀਆਂ ਹਨ ਤੇ ਸੱਤਾ ਵਿੱਚ ਆ ਕੇ ਸਾਰੇ ਵਾਅਦੇ ਭੁੱਲ ਜਾਂਦੀਆਂ ਹਨ। ਇਸੇ ਤਰਜ਼ 'ਤੇ ਆਪ ਸਰਕਾਰ ਵੀ ਆਪਣੇ ਵਾਅਦਿਆਂ ਤੋਂ ਭੱਜ ਰਹੀ ਹੈ। ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਸਰਕਾਰ ਬੀਬੀਆਂ ਨੂੰ 1000 ਰੁਪਏ ਪੈਨਸ਼ਨ, 2500 ਬੁਢਾਪਾ ਪੈਨਸ਼ਨ, ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦਿੱਤਾ ਜਾਵੇ, ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇ, ਪ੍ਰਾਈਵੇਟ ਸਕੂਲਾਂ 'ਤੇ ਨੱਥ ਪਾਈ ਜਾਵੇ, ਸਰਕਾਰੀ ਸਕੂਲਾਂ ਦਾ ਪ੍ਰਬੰਧ ਠੀਕ ਕੀਤਾ ਜਾਵੇ, ਦੁੱਧ ਉਤਪਾਦਕਾਂ ਨੂੰ ਦੁੱਧ ਦਾ ਰੇਟ ਦਸ ਰੁਪਏ ਪ੍ਰਤੀ ਫੈਟ ਦਿੱਤਾ ਜਾਵੇ, ਨਕਲੀ ਦੁੱਧ ਤੇ ਦੁੱਧ ਤੋਂ ਪਦਾਰਥ ਬਣਾਉਣ ਵਾਲੇ ਮਾਫੀਆ ਨੂੰ ਗਿਰਫਤਾਰ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ, ਨਿਰਦੋਸ਼ ਬੰਦੀ ਸਿੰਘਾਂ, ਕਿਸਾਨਾਂ, ਮਜ਼ਦੂਰਾਂ, ਪੱਤਰਕਾਰਾਂ ਨੂੰ ਰਿਹਾਅ ਕੀਤਾ ਜਾਵੇ। ਪ੍ਰਾਈਵੇਟ ਨਹਿਰੀ ਪ੍ਰੋਜੈਕਟ ਬੰਦ ਕਰਕੇ ਪਾਣੀ ਖੇਤਾਂ ਤੱਕ ਪੁਚਾਇਆ ਜਾਵੇ, 2022 ਬਿਜਲੀ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, ਲਖੀਮਪੁਰ ਕਾਂਡ ਦੇ ਦੋਸ਼ੀ ਨੂੰ ਸਖਤ ਸਜ਼ਾ ਦਿੱਤੀ ਜਾਵੇ।

ਇਸ ਮੌਕੇ ਇਕਬਾਲ ਸਿੰਘ ਵੜਿੰਗ, ਚਮਕੌਰ ਸਿੰਘ ਮੰਡਾਲਾ, ਪਾਖਰ ਸਿੰਘ ਲਾਲਪੁਰ, ਮੁਖਤਾਰ ਸਿੰਘ ਬਿਹਾਰੀਪੁਰ, ਸਤਨਾਮ ਸਿੰਘ ਖੋਜਕੀਪੁਰ, ਜਵਾਹਰ ਸਿੰਘ ਟਾਂਡਾ, ਕਲਵੰਤ ਸਿੰਘ ਭੈਲ, ਅਜੀਤ ਸਿੰਘ ਚੰਬਾ, ਹਰਜਿੰਦਰ ਸਿੰਘ ਘੱਗੇ ਬਲਵਿੰਦਰ ਸਿੰਘ ਚੋਹਲਾ ਸਾਹਿਬ, ਕੁਲਵਿੰਦਰ ਸਿੰਘ ਬਾਣੀਆਂ, ਬਚਿੱਤਰ ਸਿੰਘ ਛਾਬੜੀ ਸਾਹਿਬ ਅਤੇ ਗੁਰਸੇਵਕ ਸਿੰਘ ਆਦਿ ਆਗੂ ਹਾਜ਼ਰ ਸਨ।

ਮਾਡਲ ਟਾਊਨ 'ਚ ਸਾਂਝ ਕਮੇਟੀ ਮੈਂਬਰਾਂ ਦੀ ਮੀਟਿੰਗ

ਜਲੰਧਰ (ਸੁਰਿੰਦਰ ਕੁਮਾਰ) ਸਥਾਨਕ ਜਲੰਧਰ ਦੇ ਜਲੰਧਰ ਡੀ.ਸੀ.ਪੀ. ਹੈੱਡ ਕੁਆਰਟਰ ਵਤਸਲਾ ਗੁਪਤਾ, ਆਈ.ਪੀ.ਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਂਝ ਕੇਂਦਰ ਸਬ-ਡਵੀਜਨ ਮਾਡਲ ਟਾਊਨ ਜਲੰਧਰ ਦੇ ਇੰਚਾਰਜ ਇੰਸਪੈਕਟਰ ਗੁਰਦੀਪ ਲਾਲ ਦੀ ਪ੍ਰਧਾਨਗੀ ਹੇਠ ਸਾਂਝ ਕੇਂਦਰ ਸਬ-ਡਵੀਜਨ ਮਾਡਲ ਟਾਊਨ ਜਲੰਧਰ ਵਿੱਚ ਸਾਂਝ ਕਮੇਟੀ ਮੈਂਬਰਾਂ ਦੀ ਮੀਟਿੰਗ ਦੇ ਦੌਰਾਨ ਵੱਖ-ਵੱਖ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਵਿਚ ਸ਼ਹਿਰ ਵਿਚ ਵੱਧ ਰਹੀ ਟ੍ਰੈਫਿਕ ਦੀ ਸਮੱਸਿਆ, ਭਿਖਾਰੀਆ ਦੀ ਸਮੱਸਿਆ ਅਤੇ ਲੁੱਟ-ਖੋਹ ਦੀ ਸਮੱਸਿਆ ਸ਼ਾਮਲ ਸਨ। ਇਸ 'ਤੇ ਮੈਂਬਰਾ ਵੱਲੋਂ ਵੱਖ-ਵੱਖ ਸੁਝਾਅ ਦਿੱਤੇ ਗਏ ਅਤੇ ਲੋੜੀਂਦੀ ਕਾਰਵਾਈ ਕਰਵਾਉਣ ਬਾਰੇ ਕਿਹਾ ਗਿਆ। ਇਸ ਮਿਟਿੰਗ ਦੌਰਾਨ ਇੰਸਪੈਕਟਰ ਗੁਰਦੀਪ ਲਾਲ ਜੀ ਨੇ ਸਾਂਝ ਕਮੇਟੀ ਦੇ ਮੈਬਰਾਂ ਨੂੰ ਆਪਣੇ ਏਰੀਏ ਵਿੱਚ ਸਾਂਝ ਕੇਂਦਰਾਂ ਵਿੱਚ ਪੰਜਾਬ ਪੁਲਿਸ ਮਹਿਲਾ ਮਿੱਤਰ ਸੇਵਾਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਦੱਸਿਆ ਗਿਆ ਅਤੇ ਸਰਕਾਰ ਦੁਆਰਾ ਸਮੇਂ-ਸਮੇਂ ਤੋਂ ਦਿੱਤੇ ਜਾਣ ਵਾਲੇ ਦਿਸਾ ਨਿਰਦੇਸ਼ਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਕਰਮ ਭੰਡਾਰੀ ਸੈਕਟਰੀ ਸਬ-ਡਵੀਜਨ ਸਾਂਝ ਕੇਂਦਰ ਮਾਡਲ ਟਾਊਨ ਤੋਂ ਇਲਾਵਾ ਅਰੁਣ ਭੰਡਾਰੀ, ਸੰਦੀਪ ਧਾਮੀ, ਆਤਮ ਪ੍ਰਕਾਸ਼ ਬਬਲੂ, ਨੱਥਾ ਸਿੰਘ ਮੈਂਬਰ, ਵਾ-ਸਾਂਝ ਕੇਂਦਰ ਸਟਾਫ ਇੰਸਪੈਕਟਰ ਸੁਰਿੰਦਰ ਕਰ ਮਹਿਲਾ ਸਿਪਾਹੀ ਮਨਦੀਪ ਕੌਰ, ਏ.ਐੱਸ.ਆਈ. ਰੇਸਮ ਲਾਲ ਸਿਪਾਹੀ ਅਮਨਦੀਪ ਸਿੰਘ, ਸਿਪਾਹੀ ਸਤਪਾਲ ਮੀਟਿੰਗ ਵਿੱਚ ਸ਼ਾਮਲ ਸਨ।

ਸਰਹੱਦ ਤੋਂ ਪਾਕਿ ਡਰੋਨ ਸਮੇਤ 35 ਕਰੋੜ ਦੀ ਹੈਰੋਇਨ ਬਰਾਮਦ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਥਾਣਾ ਖੇਮਕਰਨ ਦੀ ਪੁਲਸ ਨੇ ਇੰਸਪੈਕਟਰ ਕੰਵਲਜੀਤ ਰਾਇ ਦੀ ਯੋਗ ਅਗਵਾਈ ਹੇਠ ਬੀ. ਐੱਸ. ਐੱਫ. ਦੀ 101 ਬਟਾਲੀਅਨ ਨੇ ਇਲਾਕੇ ਵਿਚੋਂ ਸਰਹੱਦ ਨਜ਼ਦੀਕ ਭਾਰੀ ਮਾਤਰਾ 'ਚ ਹੈਰੋਇਨ ਸਮੇਤ ਇੱਕ ਪਾਕਿਸਤਾਨੀ ਡਰੋਨ ਨੂੰ ਬਰਾਮਦ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਥਾਣਾ ਖੇਮਕਰਨ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਜ਼ਿਲ੍ਹਾ ਤਰਨਤਾਰਨ ਦੇ ਐੱਸ. ਐੱਸ. ਪੀ. ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਥਾਣਾ ਖੇਮਕਰਨ ਮੁਖੀ ਇੰਸਪੈਕਟਰ ਕੰਵਲਜੀਤ ਰਾਇ ਵੱਲੋਂ ਗੁਪਤ ਸੂਚਨਾ ਮਿਲਣ 'ਤੇ ਭਾਰਤ-ਪਾਕਿ ਸਰਹੱਦ ਨਜ਼ਦੀਕ ਇਲਾਕੇ ਵਿੱਚ 28 ਨਵੰਬਰ ਦੀ ਦਰਮਿਆਨੀ ਰਾਤ ਨੂੰ ਡਰੋਨ ਦੀ ਹੋਈ ਹਲਚਲ ਤੋਂ ਅਗਲੀ ਸਵੇਰ ਬੀ. ਐੱਸ. ਐੱਫ. ਜਵਾਨਾਂ ਤੇ ਥਾਣਾ ਖੇਮਕਰਨ ਦੀ ਪੁਲਸ ਵੱਲੋਂ ਸਾਝਾ ਸਰਚ ਆਪਰੇਸ਼ਨ ਚਲਾਇਆ ਗਿਆ ਸੀ ਜਿਸ ਵਿੱਚ ਕਲਸ ਪਿੰਡ ਦੇ ਵਸਨੀਕ ਮੇਜਰ ਸਿੰਘ ਦੇ ਖੇਤਾਂ ਵਿੱਚੋਂ ਹੈਕਸਾ ਕੈਪਟਰ ਪਾਕਿ ਡਰੋਨ ਨੂੰ ਬਰਾਮਦ ਕੀਤਾ ਗਿਆ ਅਤੇ ਡਰੋਨ ਤੋਂ ਕੁੱਝ ਹੀ ਦੂਰੀ ਤੋਂ ਇੱਕ ਵੱਡਾ ਪੈਕਟ ਮਿਲਿਆ ਜੋ ਟੇਪ ਰੋਲ ਨਾਲ ਲਪੇਟਿਆ ਹੋਇਆਂ ਸੀ, ਜਿਸ ਨੂੰ ਚੈੱਕ ਕਰਨ 'ਤੇ ਉਸ ਵਿਚੋਂ 6 ਪੈਕਟ ਹੈਰੋਇਨ ਬਰਾਮਦ ਹੋਈ ਹੈ ਜਿਸ ਦਾ ਵਜ਼ਨ 6 ਕਿਲੋ 680 ਗ੍ਰਾਮ ਹੋਇਆਂ। ਐੱਸ. ਐੱਸ. ਪੀ. ਤਰਨਤਾਰਨ ਨੇ ਦੱਸਿਆ ਕਿ ਖੇਮਕਰਨ ਪੁਲਸ ਵੱਲੋਂ ਹੈਰੋਇਨ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੁੱਲ ਕੀਮਤ 35 ਕਰੋੜ ਬਣਦੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਥਾਣਾ ਖੇਮਕਰਨ ਦੇ ਮੁਖੀ ਇੰਸਪੈਕਟਰ ਕੰਵਲਜੀਤ ਰਾਇ ਨੇ 2 ਅਕਤੂਬਰ ਦੀ ਦਰਮਿਆਨੀ ਰਾਤ ਨੂੰ ਪਾਕਿ ਡਰੋਨ ਵੱਲੋਂ ਪਿੰਡ ਕਲਸ ਦੇ ਖੇਤਾਂ ਵਿੱਚ ਸੁੱਟੀ 1 ਕਿਲੋ 234 ਗ੍ਰਾਮ ਹੈਰੋਇਨ ਨੂੰ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਸੀ।

ਜਨਮ ਦਿਨ ਮੁਬਾਰਕ

ਨਵਸੀਰਤ ਕੌਰ (ਤਰਨ ਤਾਰਨ)

ਯਸ਼ਕਿਤ ਸੈਨ (ਲਹਿਰਾ ਮੁਹੱਬਤ)

ਕਿਰਨਦੀਪਨ ਕੌਰ (ਜਲਾਲਾਬਾਦ)

ਲੋਕਾਂ ਵੱਲੋਂ ਛੱਡੇ ਆਵਾਰੇ ਗਊਆਂ, ਬਲਦ, ਵੱਛੜੇ ਅੱਜਕੱਲ੍ਹ ਸੜਕਾਂ 'ਤੇ ਘੁੰਮ ਰਹੇ ਹਨ ਅਤੇ ਆਵਾਜਾਈ ਵਿੱਚ ਵਿਘਨ ਪਾ ਰਹੇ ਹਨ ਅਤੇ ਲੋਕਾਂ ਨੂੰ ਮਾਰਨ ਲਈ ਦੌੜਦੇ ਹਨ। (ਫੋਟੋ ਤੇ ਵੇਰਵਾ : ਨਿਰਮਲ, ਫਿਲੌਰ)

ਵਿਜੀਲੈਂਸ ਬਿਊਰੋ ਵੱਲੋਂ ਵਾਹਨ ਫਿਟਨੈਸ ਸਰਟੀਫਿਕੇਟ ਘੁਟਾਲੇ 'ਚ ਸ਼ਾਮਲ ਭਗੌੜਾ ਗ੍ਰਿਫ਼ਤਾਰ

ਜਲੰਧਰ/ਚੰਡੀਗੜ੍ਹ, (ਸ਼ੈਲੀ ਐਲਬਰਟ) ਪੰਜਾਬ ਵਿਜੀਲੈਂਸ ਬਿਊਰੋ ਨੇ ਵਾਹਨ ਫਿਟਨੈਸ ਸਰਟੀਫਿਕੇਟ ਘੁਟਾਲੇ 'ਚ ਜਲੰਧਰ ਵਿਖੇ ਤਾਇਨਾਤ ਮੋਟਰ ਵਹੀਕਲ ਇੰਸਪੈਕਟਰ (ਐਮ.ਵੀ.ਆਈ.) ਨਰੇਸ ਕਲੇਰ ਨਾਲ ਮਿਲੀਭੁਗਤ ਕਰਨ ਵਾਲੇ ਇੱਕ ਹੋਰ ਭਗੌੜੇ ਮੁਲਜ਼ਮ ਏਜੰਟ ਵਰਿੰਦਰ ਸਿੰਘ ਦੀਪੂ, ਵਾਸੀ ਬਸਤੀ ਗੁਜਾਂ, ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਨੇ ਉਸ ਦਾ ਮੋਬਾਈਲ ਫੋਨ ਅਤੇ ਸਿਮ ਕਾਰਡ ਜਬਤ ਕਰ ਲਿਆ ਹੈ ਜੋ ਇਸ ਘਪਲੇ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਡਾਟਾ ਮਾਹਿਰਾਂ ਨੂੰ ਭੇਜਿਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਐਮ ਵੀ ਆਈ, ਜਲੰਧਰ ਦੇ ਦਫਤਰ ਵਿਖੇ ਅਚਨਚੇਤ ਚੈਕਿੰਗ ਕੀਤੀ ਅਤੇ ਵੱਡੇ ਪੱਧਰ 'ਤੇ ਪ੍ਰਾਈਵੇਟ ਏਜੰਟਾਂ ਨਾਲ ਮਿਲੀਭੁਗਤ ਕਰਕੇ ਵਪਾਰਕ ਅਤੇ ਨਿੱਜੀ ਵਾਹਨਾਂ ਦੀ ਜਾਂਚ ਕੀਤੇ ਬਿਨਾਂ ਫਿਟਨੈਸ ਸਰਟੀਫਿਕੇਟ ਜਾਰੀ ਕਰਨ ਲਈ ਕੀਤੇ ਜਾ ਰਹੇ ਸੰਗਠਿਤ ਭ੍ਰਿਸ਼ਟਾਚਾਰ ਦਾ ਪਰਦਾਫਾਸ ਕੀਤਾ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੁਖਤਾ ਸਬੂਤਾਂ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਮੁਕੱਦਮਾ ਨੰਬਰ 14 ਮਿਤੀ 23-08-2022 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7ਏ ਅਤੇ ਆਈ ਪੀ ਸੀ ਦੀ ਧਾਰਾ 420, 120-ਬੀ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਮਾਮਲੇ 'ਚ ਕੁੱਲ 9 ਮੁਲਜਮ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਜੋ ਕਿ ਜੇਲ੍ਹ ਵਿੱਚ ਬੰਦ ਹਨ ਜਿਨ੍ਹਾਂ ਵਿੱਚ ਨਰੇਸ ਕਲੇਰ, ਰਾਮਪਾਲ ਉਰਫ ਰਾਧੇ, ਮੋਹਨ ਲਾਲ ਉਰਫ ਕਾਲੂ, ਪਰਮਜੀਤ ਸਿੰਘ ਬੇਦੀ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ, ਪੰਕਜ ਢੀਂਗਰਾ ਉਰਫ ਭੋਲੂ, ਥ੍ਰਿਜਪਾਲ ਸਿੰਘ ਉਰਫ ਰਿੱਕੀ ਅਤੇ ਅਰਵਿੰਦ ਕੁਮਾਰ ਉਰਫ ਬਿੰਦੂ (ਸਾਰੇ ਪ੍ਰਾਈਵੇਟ ਏਜੰਟ) ਸ਼ਾਮਲ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਬਾਕੀ ਭਗੌੜੇ ਮੁਲਜਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

ਪੰਜਾਬ 'ਚ ਪਹਿਲੀ ਮਾਤ ਭਾਸ਼ਾ ਪੰਜਾਬੀ ਹੋਣੀ ਚਾਹੀਦੀ : ਸੋਨੂੰ ਜੰਡਿਆਲਾ

ਤਰਨਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਤੋਂ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਪੰਜਾਬ ਪ੍ਰਧਾਨ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਮੰਗ ਕੀਤੀ ਕਿ ਪੰਜਾਬ ਵਿੱਚ ਹਰ ਫਲੈਕਸ ਬੋਰਡ 'ਤੇ ਪੰਜਾਬ ਦੀ ਮਾਤਰ ਭਾਸ਼ਾ ਪੰਜਾਬੀ ਲਿਖਣੀ ਬਹੁਤ ਜ਼ਰੂਰੀ ਹੈ। ਪਹਿਲਾਂ ਪੰਜਾਬੀ ਭਾਸ਼ਾ ਤੇ ਬਾਅਦ ਵਿਚ ਚਾਹੇ ਕੋਈ ਅੰਗਰੇਜ਼ੀ ਤੇ ਚਾਹੇ ਕੋਈ ਹਿੰਦੀ ਚਾਹੇ ਕੋਈ ਵੀ ਭਾਸ਼ਾ ਲਿਖ ਲਵੋ ਪਰ ਪੰਜਾਬ ਵਿੱਚ ਪਹਿਲਾਂ ਪਹਿਲੀ ਭਾਸ਼ਾ ਪੰਜਾਬੀ ਲਿਖਣੀ ਬਹੁਤ ਜ਼ਰੂਰੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਦੇਸ਼ ਭਰ ਵਿਚ ਹਰ ਸੂਬੇ ਦੀ ਆਪਣੀ ਆਪਣੀ ਪਹਿਲੀ ਭਾਸ਼ਾ ਹੁੰਦੀ ਹੈ ਤੇ ਬਾਕੀ ਦੀਆਂ ਭਾਸ਼ਾਵਾਂ ਨੂੰ ਉਸ ਦੇ ਬਾਅਦ ਵਿੱਚ ਲਿਖਿਆ ਜਾਂਦਾ ਹੈ ਪਰ ਪੰਜਾਬ ਵਿੱਚ ਬੜੇ ਅਫਸੋਸ ਦੀ ਗੱਲ ਹੈ ਕਿ ਕੁਝ ਲੋਕ ਪੰਜਾਬ ਵਿੱਚ ਰਹਿ ਕੇ ਆਪਣੀ ਹੀ ਪੰਜਾਬੀ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਦੂਜੀਆਂ ਭਾਸ਼ਾਵਾਂ ਨੂੰ ਮਹੱਤਤਾ ਦੇ ਰਹੇ ਹਨ। ਸੋਨੂੰ ਜੰਡਿਆਲਾ ਨੇ ਦੱਸਿਆ ਕਿ ਇਹ ਬਹੁਤ ਚਿੰਤਾ ਵਾਲੀ ਗੱਲ ਹੈ। ਇਸ 'ਤੇ ਪੰਜਾਬ ਸਰਕਾਰ ਨੂੰ ਗੰਭੀਰ ਹੋ ਕੇ ਸੋਚਣਾ ਚਾਹੀਦਾ ਹੈ ਤੇ ਨੌਜਵਾਨਾਂ ਨੂੰ ਪੰਜਾਬੀ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਆਖਰ ਵਿੱਚ ਸੋਨੂੰ ਜੰਡਿਆਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿੱਚ ਰਹਿ ਕੇ ਜੋ ਦੂਜੀਆਂ ਭਾਸ਼ਾਵਾਂ ਨੂੰ ਮਹੱਤਵ ਦਿੰਦੇ ਨੇ ਉਨ੍ਹਾਂ ਖਿਲਾਫ ਬਣਦੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤੇ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਪਹਿਲਾ ਸਥਾਨ ਦਿੱਤਾ ਜਾਵੇ ਤਾਂ ਕਿ ਪੰਜਾਬ ਦੇ ਲੋਕ ਆਪਣੀ ਪੰਜਾਬੀ ਮਾਂ ਬੋਲੀ ਨਾਲ ਸਦਾ ਹੀ ਜੁੜੇ ਰਹਿਣ। ਇਸ ਮੌਕੇ ਸਰਬਜੀਤ ਸਿੰਘ ਸੋਨੂੰ ਜੰਡਿਆਲਾ

ਤੋਂ ਇਲਾਵਾ ਇੰਦਰਜੀਤ ਸਿੰਘ, ਸੁਰਜੀਤ ਸਿੰਘ, ਗੁਰਤੇਜ ਸਿੰਘ, ਬਲਜੀਤ ਸਿੰਘ, ਗੁਰਮਖ ਸਿੰਘ, ਰਕੇਸ਼, ਮਲਹੋਤਰਾ, ਹਰਜੀਤ ਸਿੰਘ, ਅਭਿਸ਼ੇਕ ਵੇਰਕਾ, ਹਰਪ੍ਰੀਤ ਸਿੰਘ, ਗੁਰਜੰਟ ਸਿੰਘ, ਵਰਿੰਦਰ ਸਿੰਘ ਬੰਟੀ, ਗੁਰਦਿਆਲ ਸਿੰਘ, ਜਗਜੀਤ ਸਿੰਘ ਟਿੰਕੂ, ਸੁਖਵਿੰਦਰ ਸਿੰਘ, ਹਰਜੀਤ ਸਿੰਘ, ਹਰਮਨ ਸਿੰਘ, ਸੋਨੂੰ ਸਿੰਘ, ਰਣਜੀਤ ਸਿੰਘ, ਹੁਸ਼ਿਆਰ ਸਿੰਘ ਅਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਨਵੀਆਂ ਕਚਹਿਰੀਆਂ ਦਸੂਹਾ ਬੱਸ ਅੱਡਾ ਤੋਂ ਮਹਿਰੂਮ

ਦਸੂਹਾ (ਲਵਜੀਤ ਸਿੰਘ) :ਦਸੂਹਾ-ਹੁਸ਼ਿਆਰਪੁਰ ਮੇਨ ਰੋਡ ਉਪਰ ਸਥਿਤ ਨਵੀਆਂ ਕਚਿਹਰੀਆਂ ਦ